Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post




JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 136 | Tuesday, July 12, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਹੁਣ ਫਿਰ ਮੇਅਰ ਦੀ ਚੋਣ ਲੜਨਗੇ ਪੈਟ੍ਰਿਕ ਬ੍ਰਾਊਨ !



ਬਰੈਂਪਟਨ, 11 ਜੁਲਾਈ (ਪੋਸਟ ਬਿਊਰੋ) : ਪੈਟ੍ਰਿਕ ਬ੍ਰਾਊਨ ਦੇ ਬੁਲਾਰੇ ਨੇ ਦੱਸਿਆ ਕਿ ਡਿਸਕੁਆਲੀਫਾਈ ਹੋ ਚੁੱਕੇ ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਅਜੇ ਤੱਕ ਇਹ ਤੈਅ ਨਹੀਂ ਕਰ ਪਾਏ ਕਿ ਉਹ ਬਰੈਂਪਟਨ, ਓਨਟਾਰੀਓ ਦੇ ਮੇਅਰ ਦੀ ਚੋਣ ਮੁੜ ਲੜਨ ਜਾਂ ਨਹੀਂ। ਇਸ ਬਾਰੇ ਉਹ ਪਹਿਲਾਂ ਆਪਣੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨਾਲ ਗੱਲ ਕਰਨੀ ਚਾਹੁੰਦੇ ਹਨ।

ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦਾ ਆਗੂ ਬਣਨ ਲਈ ਬ੍ਰਾਊਨ ਬਰੈਂਪਟਨ ਦੇ ਮੇਅਰ ਦੀ ਜੌਬ ਛੱਡੇ ਬਿਨਾਂ ਹੀ ਮੈਦਾਨ ਵਿੱਚ ਨਿੱਤਰ ਗਏ ਸਨ। ਉਹ ਪਹਿਲਾਂ ਇਹ ਵੀ ਆਖ ਚੁੱਕੇ ਹਨ ਕਿ ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਫੈਡਰਲ ਦੌੜ ਨਹੀਂ ਜਿੱਤ ਸਕਣਗੇ ਤਾਂ ਉਹ ਅਕਤੂਬਰ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਖੜ੍ਹੇ ਹੋਣ ਬਾਰੇ ਸੋਚ ਸਕਦੇ ਹਨ ਤੇ ਉਨ੍ਹਾਂ ਕੋਲ ਮੇਅਰ ਵਜੋਂ ਉਮੀਦਵਾਰ ਬਣਨ ਲਈ 19 ਅਗਸਤ ਤੱਕ ਦਾ ਸਮਾਂ ਹੋਵੇਗਾ।

ਫੈਡਰਲ ਚੋਣ ਵਿੱਚ ਬ੍ਰਾਊਨ ਦੀ ਸਥਿਤੀ ਪਿਛਲੇ ਹਫਤੇ ਉਦੋਂ ਬਦਲੀ ਜਦੋਂ ਪਾਰਟੀ ਦੀ ਲੀਡਰਸ਼ਿਪ ਚੋਣ ਦਾ ਪ੍ਰਬੰਧ ਕਰਨ ਵਾਲੀ ਕਮੇਟੀ ਨੇ ਫੈਡਰਲ ਵਿੱਤੀ ਨਿਯਮਾਂ ਦੀ ਉਲੰਘਣਾਂ ਕਰਨ ਦੇ ਦੋਸ਼ਾਂ ਦੇ ਚੱਲਦਿਆਂ ਉਨ੍ਹਾਂ ਨੂੰ ਡਿਸਕੁਆਲੀਫਾਈ ਕਰਨ ਦਾ ਐਲਾਨ ਕੀਤਾ।

## ਸ਼ੈਂਪੇਨ ਨੇ ਐਮਰਜੰਸੀ ਦੌਰਾਨ ਟੈਲੀਕੌਮ ਕੰਪਨੀਆਂ ਨੂੰ ਇਕ ਦੂਜੇ ਦੀ ਮਦਦ ਕਰਨ ਦੇ ਦਿੱਤੇ ਨਿਰਦੇਸ਼



ਓਟਵਾ, 11 ਜੁਲਾਈ (ਪੋਸਟ ਬਿਊਰੋ) : ਇੰਡਸਟਰੀ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਟੈਲੀਕੌਮ ਕੰਪਨੀਆਂ ਨੂੰ ਇਹ ਤਾੜਨਾ ਕੀਤੀ ਹੈ ਕਿ ਉਹ ਐਮਰਜੰਸੀ ਰੋਮਿੰਗ ਸਬੰਧੀ ਸਮਝੌਤਾ ਕਰਨ, ਔਖੇ ਸਮੇਂ ਦੌਰਾਨ ਇੱਕ ਦੂਜੇ ਦੀ ਮਦਦ ਕਰਨ ਤੇ ਐਮਰਜੰਸੀ ਦੌਰਾਨ ਕੈਨੇਡੀਅਨਜ਼ ਤੇ ਅਧਿਕਾਰੀਆਂ ਨੂੰ ਜਾਣੂ ਕਰਵਾਉਣ ਲਈ ਕਮਿਊਨਿਕੇਸ਼ਨ ਪ੍ਰੋਟੋਕਾਲ ਦੀ ਪਾਲਣਾ ਕਰਨ।

ਜ਼ਿਕਰਯੋਗ ਹੈ ਕਿ ਸ਼ੁੱਕਰਵਾਰ ਨੂੰ ਰੌਜਰਜ਼ ਕਮਿਊਨਿਕੇਸ਼ਨਜ਼ ਦੇ ਨੈੱਟਵਰਕ ਵਿੱਚ ਵੱਡੀ ਗੜਬੜੀ ਹੋਣ ਕਾਰਨ ਦੇਸ਼ ਭਰ ਵਿੱਚ ਕੰਪਨੀ ਦੇ ਕਸਟਮਰਜ਼ ਤੇ ਕਾਰੋਬਾਰਾਂ ਨੂੰ ਲੰਮੇਂ ਸਮੇਂ ਤੱਕ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਤੋਂ ਬਿਨਾਂ ਰਹਿਣਾ ਪਿਆ। ਇੱਥੇ ਹੀ ਬੱਸ ਨਹੀਂ ਕੰਪਨੀ ਦੇ ਕਸਟਮਰਜ਼ ਨੂੰ 911 ਉੱਤੇ ਸੰਪਰਕ ਕਰਨ ਤੇ ਡੈਬਿਟ ਸਬੰਧੀ ਲੈਣ-ਦੇਣ ਵਿੱਚ ਵੀ ਦਿੱਕਤਾਂ ਪੇਸ਼ ਆਈਆਂ। ਸੋਮਵਾਰ ਨੂੰ ਸ਼ੈਂਪੇਨ ਨੇ ਟਵਿੱਟਰ ਉੱਤੇ ਆਖਿਆ ਕਿ ਉਨ੍ਹਾਂ ਸਾਰੀਆਂ ਮੁੱਖ ਟੈਲੀਕੌਮ ਕੰਪਨੀਆਂ ਦੇ ਹੈੱਡਜ਼ ਨੂੰ ਇੱਕਠਾ ਕੀਤਾ ਤੇ ਮੰਗ ਕੀਤੀ ਕਿ ਉਹ ਲਚਕੀਲੇਪਣ ਤੇ ਨੈੱਟਵਰਕਸ ਵਿੱਚ ਭਰੋਸੇਯੋਗਤਾ ਵਿੱਚ ਸੁਧਾਰ ਕਰਨ ਲਈ ਫੌਰੀ ਕਦਮ ਚੁੱਕਣ। ਉਨ੍ਹਾਂ ਇਹ ਵੀ ਆਖਿਆ ਕਿ 60 ਦਿਨਾਂ ਦੇ ਅੰਦਰ ਅੰਦਰ ਰਸਮੀ ਤੌਰ ਉੱਤੇ ਇਸ ਤਰ੍ਹਾਂ ਦਾ ਕੋਈ ਸਮਝੌਤਾ ਕਰਨਾ ਯਕੀਨੀ ਬਣਾਇਆ ਜਾਵੇ।

ਸ਼ਨਿੱਚਰਵਾਰ ਨੂੰ ਕਸਟਮਰਜ਼ ਨੂੰ ਲਿਖੇ ਖੁੱਲ੍ਹੇ ਪੱਤਰ ਵਿੱਚ ਰੌਜਰਜ਼ ਦੇ ਪ੍ਰੈਜ਼ੀਡੈਂਟ ਤੇ ਸੀਈਓ ਟੋਨੀ ਸਟੈਫਿਏਰੀ ਨੇ ਮੁਆਫੀ ਮੰਗੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਬੰਧ ਵਿੱਚ ਜਾਂਚ ਵੀ ਚੱਲ ਰਹੀ ਹੈ।

## ਵਾਇਆ ਰੇਲ ਵਰਕਰਜ਼ ਦੀ ਹੜਤਾਲ ਥੋੜ੍ਹੀ ਦੇਰ ਲਈ ਟਲੀ



ਓਟਵਾ, 11 ਜੁਲਾਈ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਤੱਕ ਹੜਤਾਲ ਦੀ ਡੈੱਡਲਾਈਨ ਵਿੱਚ ਵਾਧਾ ਕੀਤੇ ਜਾਣ ਨਾਲ ਵਾਇਆ ਰੇਲ ਦੇ ਸਿਰ ਤੋਂ ਫਰੀ ਤੌਰ ਉੱਤੇ ਕੈਨੇਡਾ ਭਰ ਵਿੱਚ ਸੇਵਾਵਾਂ ਸਸਪੈਂਡ ਕਰਨ ਦਾ ਖਤਰਾ ਟਲ ਗਿਆ ਹੈ।

ਸ਼ੁੱਕਰਵਾਰ ਨੂੰ ਯੂਨੀਫਰ ਨੇ ਕੌਮੀ ਰੇਲ ਕੈਰੀਅਰ ਨੂੰ ਹੜਤਾਲ ਲਈ 72 ਘੰਟਿਆਂ ਦਾ ਨੋਟਿਸ ਦਿੱਤਾ ਸੀ। ਇਹ ਵੀ ਆਖਿਆ ਗਿਆ ਸੀ ਕਿ ਜੇ ਸੋਮਵਾਰ ਤੜਕੇ 12:01 ਵਜੇ ਤੱਕ ਨਵੇਂ ਕਾਂਟਰੈਕਟ ਬਾਰੇ ਕੋਈ ਗੱਲਬਾਤ ਨਹੀਂ ਕੀਤੀ ਜਾਂਦੀ ਤਾਂ 24,00 ਮੁਲਾਜ਼ਮ ਹੜਤਾਲ ਉੱਤੇ ਜਾਣਗੇ। ਇਸ ਹੜਤਾਲ ਵਿੱਚ ਮੇਨਟੇਨੈਂਸ ਵਰਕਰਜ਼, ਆਨ ਬੋਰਡ ਸਰਵਿਸ ਕਰਮਚਾਰੀ, ਸ਼ੈੱਫਜ਼, ਸੇਲਜ਼ ਏਜੰਟਸ ਤੇ ਕਸਟਮਰ ਸਰਵਿਸ ਸਟਾਫ ਸਾਰੇ ਹੀ ਹਿੱਸਾ ਲੈਣਗੇ। ਇਹ ਮੁਲਾਜ਼ਮ ਧਰਨੇ ਉੱਤੇ ਬੈਠ ਕੇ ਵਾਇਆ ਨੂੰ ਦੇਸ਼ ਭਰ ਵਿੱਚ ਆਪਣਾ ਕੰਮ ਕਾਜ ਰੋਕਣ ਲਈ ਮਜਬੂਰ ਕਰਨਗੇ।

ਯੂਨੀਫਰ ਵੱਲੋਂ ਆਪਣੀ ਵੈੱਬਸਾਈਟ ਤੇ ਸੋਸ਼ਲ ਮੀਡੀਆ ਉੱਤੇ ਇਹ ਬਿਆਨ ਜਾਰੀ ਕੀਤਾ ਗਿਆ ਹੈ ਹੜਤਾਲ ਲਈ ਡੈੱਡਲਾਈਨ ਦੁਪਹਿਰੇ 4:00 ਵਜੇ ਤੱਕ ਵਧਾ ਦਿੱਤੀ ਗਈ ਹੈ। ਯੂਨੀਫੌਰ ਨੇ ਆਖਿਆ ਕਿ ਗੱਲਬਾਤ ਦਰਾਨ ਜੌਬ ਸਕਿਊਰਿਟੀ ਹੀ ਮੁੱਖ ਮੁੱਦਾ ਰਹੀ ਹੈ। ਦੋਵਾਂ ਧਿਰਾਂ ਦਾ ਕਹਿਣਾ ਹੈ ਕਿ ਉਹ ਵਰਕਰਜ਼ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਕੋਈ ਫੈਸਲਾ ਕਰਨਗੇ।

## ਇੱਕ ਵਾਰੀ ਫਿਰ ਪੈ ਸਕਦੀ ਹੈ ਕੋਵਿਡ-19 ਦੀ ਮਾਰ




ਓਟਵਾ, 11 ਜੁਲਾਈ (ਪੋਸਟ ਬਿਊਰੋ) : ਮਾਹਿਰਾਂ ਵੱਲੋਂ ਦਿੱਤੀ ਗਈ ਚੇਤਾਵਨੀ ਅਨੁਸਾਰ ਜਿਵੇਂ ਕੈਨੇਡਾ ਭਰ ਵਿੱਚ ਸਮਰ ਫੈਸਟੀਵਲ ਚੱਲ ਰਹੇ ਹਨ, ਉਸ ਤੋਂ ਹੀ ਕੋਵਿਡ-19 ਦੀ ਇੱਕ ਹੋਰ ਵੇਵ ਦੇ ਆਉਣ ਦਾ ਖਦਸ਼ਾ ਪੈਦਾ ਹੋ ਗਿਆ ਹੈ।

ਮਾਂਟਰੀਅਲ ਸਥਿਤ ਐਪਿਡੇਮੋਲੋਜਿਸਟ ਤੇ ਕਾਰਡੀਓਲੋਜਿਸਟ ਡਾ. ਕ੍ਰਿਸਟੋਫਰ ਲੈਬੌਸ ਨੇ ਆਖਿਆ ਕਿ ਜੇ ਅਸੀਂ ਥੋੜ੍ਹਾ ਜਿਹਾ ਵੀ ਸਾਵਧਾਨ ਨਹੀਂ ਰਹਿੰਦੇ ਤਾਂ ਹਾਲਾਤ ਦੇ ਇੱਕ ਵਾਰੀ ਫਿਰ ਹੱਥੋਂ ਨਿਕਲਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਜੇ ਅਸੀਂ ਕੁੱਝ ਠੋਸ ਕਦਮ ਚੁੱਕਣ ਵਿੱਚ ਅਸਫਲ ਰਹਿੰਦੇ ਹਾਂ ਤਾਂ ਇਨ੍ਹਾਂ ਨਵੇਂ ਵੇਰੀਐਂਟਸ ਨੂੰ ਫੈਲਣ ਵਿੱਚ ਬਹੁਤੀ ਦੇਰ ਨਹੀਂ ਲੱਗੇਗੀ। ਇੱਥੇ ਦੱਸਣਾ ਬਣਦਾ ਹੈ ਕਿ ਵੱਧ ਸੰਕ੍ਰਮਣ ਵਾਲੇ ਓਮਾਈਕ੍ਰੌਨ ਦੇ ਸਬਵੇਰੀਐਂਟਸ ਬੀਏ.4 ਤੇ ਬੀਏ.5 ਕੈਨੇਡਾ ਵਿੱਚ ਵੱਡੇ ਪੱਧਰ ਉੱਤੇ ਤਬਾਹੀ ਮਚਾ ਸਕਦੇ ਹਨ।

ਲੈਬੌਸ ਦਾ ਕਹਿਣਾ ਹੈ ਕਿ ਜੇ ਵੈਕਸੀਨ ਦੀ ਆਖਰੀ ਡੋਜ਼ ਨੂੰ ਜ਼ਿਆਦਾ ਸਮਾਂ ਟੱਪਿਆ ਹੋਵੇਗਾ ਤਾਂ ਲੋਕ ਵਧੇਰੇ ਕਮਜ਼ੋਰ ਸਥਿਤੀ ਵਿੱਚ ਹੋਣਗੇ ਤੇ ਇਸ ਤਰ੍ਹਾਂ ਦੇ ਸਬਵੇਰੀਐਂਟਸ ਆਪਣਾ ਗਲਬਾ ਜਲਦ ਹੀ ਪਾ ਲੈਣਗੇ। ਉਨ੍ਹਾਂ ਆਖਿਆ ਕਿ ਕੈਨੇਡਾ ਦੇ ਕਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਵੱਲੋਂ ਪਬਲਿਕ ਹੈਲਥ ਪਾਬੰਦੀਆਂ, ਜਿਨ੍ਹਾਂ ਵਿੱਚ ਮਾਸਕ ਸਬੰਧੀ ਨਿਯਮ ਵੀ ਸ਼ਾਮਲ ਸਨ, ਹਟਾਅ ਲਏ ਗਏ ਹਨ। ਉਨ੍ਹਾਂ ਆਖਿਆ ਕਿ ਜੇ ਤੁਸੀਂ ਇੰਡੋਰ ਵਿੱਚ ਕਿਤੇ ਹੋਂ ਤੇ ਉੱਥੇ ਥੋੜ੍ਹੇ ਲੋਕ ਹੋਰ ਵੀ ਹਨ ਤੇ ਤੁਸੀਂ ਸਾਰੇ ਇੱਕੋ ਹਵਾ ਵਿੱਚ ਸਾਹ ਲੈ ਰਹੇ ਹੋਂ ਤਾਂ ਇਹ ਸਮਝ ਤੋਂ ਬਾਹਰ ਦੀ ਗੱਲ ਹੈ ਕਿ ਤੁਸੀਂ ਮਾਸਕ ਕਿਉਂ ਨਹੀਂ ਪਾਉਣਾ ਚਾਹੋਂਗੇ? ਉਨ੍ਹਾਂ ਆਖਿਆ ਕਿ ਇਹ ਸਾਰੇ ਕਦਮ ਵਾਇਰਸ ਨੂੰ ਰੋਕਣ ਲਈ ਚੁੱਕੇ ਗਏ ਸਨ ਤੇ ਇਹ ਇਸ ਤਰ੍ਹਾਂ ਦੀ ਬਿਮਾਰੀ ਤੋਂ ਬਚਣ ਦਾ ਸੱਭ ਤੋਂ ਸਸਤਾ ਤੇ ਕਾਰਗਰ ਤਰੀਕਾ ਹੈ।

ਜ਼ਿਕਰਯੋਗ ਹੈ ਕਿ ਓਨਟਾਰੀਓ ਕੋਵਿਡ-19 ਸਾਇੰਸ ਐਡਵਾਈਜ਼ਰੀ ਟੇਬਲ ਦੇ ਅੰਦਾਜ਼ੇ ਮੁਤਾਬਕ ਇਸ ਸਮੇਂ ਵੇਸਟਵਾਟਰ ਵਿੱਚ ਕੋਵਿਡ-19 ਦੀ ਕੰਸਨਟ੍ਰੇਸ਼ਨ ਅਪਰੈਲ ਵਿੱਚ ਓਮਾਈਕ੍ਰੌਨ ਵੇਵ ਦੇ ਸਿਖਰ ਉੱਤੇ ਹੋਣ ਸਮੇਂ ਨਾਲੋਂ ਅੱਧ ਵਿੱਚ ਪਹੁੰਚ ਚੁੱਕੀ ਹੈ ਤੇ ਕੁੱਝ ਹਫਤਿਆਂ ਵਿੱਚ ਹੀ ਇਸ ਦੇ ਅਪਰੈਲ ਵਾਲੇ ਪੱਧਰ ਉੱਤੇ ਪਹੁੰਚਣ ਦਾ ਖਦਸ਼ਾ ਵੀ ਬਣਿਆ ਹੋਇਆ ਹੈ।

## ਉਸਾਰੀ ਅਧੀਨ ਇਮਾਰਤ ਵਿੱਚ ਲੱਗੀ ਅੱਗ, 10 ਮਿਲੀਅਨ ਦਾ ਹੋਇਆ ਨੁਕਸਾਨ



ਹੈਮਿਲਟਨ, 11 ਜੁਲਾਈ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਹੈਮਿਲਟਨ ਵਿੱਚ ਉਸਾਰੀ ਅਧੀਨ ਕਈ ਘਰ ਅੱਗ ਦੀ ਚਪੇਟ ਵਿੱਚ ਆ ਗਏ।

ਇਹ ਅੱਗ ਸੋਮਵਾਰ ਦੁਪਹਿਰ ਨੂੰ 4:00 ਵਜੇ ਤੋਂ ਪਹਿਲਾਂ ਰਾਇਮਲ ਰੋਡ ਤੇ ਅੱਪਰ ਰੈੱਡ ਹਿੱਲ ਵੈਲੀ ਪਾਰਕਵੇਅ ਨੇੜੇ ਨਵੇਂ ਲੋਸਾਨੀ ਹੋਮਜ਼ ਡਿਵੈਲਪਮੈਂਟ ਵਿੱਚ ਲੱਗੀ। ਹੈਮਿਲਟਨ ਦੇ ਫਾਇਰ ਚੀਫ ਡੇਵ ਕਨਲਿੱਫ ਨੇ ਆਖਿਆ ਕਿ ਅੱਗ ਕਾਰਨ ਉਸਾਰੀ ਅਧੀਨ 23 ਯੂਨਿਟਸ ਨੂੰ ਨੁਕਸਾਨ ਪਹੁੰਚਿਆ। ਇਸ ਤੋਂ ਇਲਾਵਾ 12 ਯੂਨਿਟਸ ਤਾਂ ਪੂਰੀ ਤਰ੍ਹਾਂ ਹੀ ਨੁਕਸਾਨੀਆ ਗਈਆਂ ਤੇ ਉਨ੍ਹਾਂ ਦੀਆਂ ਖਿੜਕੀਆਂ ਤਪਿਸ਼ ਕਾਰਨ ਚੂਰ ਚੂਰ ਹੋ ਗਈਆਂ।

ਉਨ੍ਹਾਂ ਦੱਸਿਆ ਕਿ ਕਈ ਯੂਨਿਟਸ ਉਸਾਰੀ ਅਧੀਨ ਹੋਣ ਕਾਰਨ ਉਨ੍ਹਾਂ ਨੂੰ ਬੰਦ ਨਹੀਂ ਸੀ ਕੀਤਾ ਗਿਆ ਤੇ ਜਦੋਂ ਅੱਗ ਲੱਗੀ ਤਾਂ ਹਵਾ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ। ਉਨ੍ਹਾਂ ਦੱਸਿਆ ਕਿ ਅੱਗ ਉੱਤੇ ਕਾਬੂ ਪਾਉਣ ਲਈ 70 ਫਾਇਰਫਾਈਟਰਜ਼ ਲਾਏ ਗਏ। ਉਨ੍ਹਾਂ ਦੱਸਿਆ ਕਿ ਇਸ ਸਮੇਂ ਅੱਗ ਉੱਤੇ ਕਾਬੂ ਪਾਇਆ ਜਾ ਚੁੱਕਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਿੰਨ੍ਹਾਂ ਘਰਾਂ ਦਾ ਕਬਜਾ ਲਿਆ ਜਾ ਚੁੱਕਿਆ ਹੈ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ। ਇਸ ਘਟਨਾ ਕਾਰਨ ਅੰਦਾਜ਼ਨ 10 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੋ ਸਕਦਾ ਹੈ।


AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off : 905.230.3100

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2244 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਘਾਟ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
ਇਥੋ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਐਫੀਡੇਵਿਟ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392


MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਕਰੋ: 647-784-1213


OURR
HOME & APPLIANCES
UPGRADE TO
4 DOOR FRIDGE
$99
JULY
BOXING
WEEK
$4799
PLUS TAX
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
chatr™
AUTHORIZED DEALER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਗੌਲਫ ਕਾਰਟ ਪਾਣੀ ਵਿੱਚ ਡੁੱਬਣ ਮਗਰੋਂ ਇੱਕ ਵਿਅਕਤੀ ਦੀ ਮਿਲੀ ਲਾਸ਼




ਓਨਟਾਰੀਓ, 11 ਜੁਲਾਈ (ਪੋਸਟ ਬਿਊਰੋ) : ਰਿਚਮੰਡ ਹਿੱਲ ਉੱਤੇ ਗੌਲਫ ਕਾਰਟ ਦੇ ਪਾਣੀ ਦੇ ਨਿੱਕੇ ਜਿਹੇ ਸਰੋਤ ਵਿੱਚ ਡਿੱਗ ਜਾਣ ਤੋਂ ਬਾਅਦ ਇੱਕ 71 ਸਾਲਾ ਵਿਅਕਤੀ ਦੀ ਲਾਸ਼ ਮਿਲੀ। ਇਹ ਜਾਣਕਾਰੀ ਯੌਰਕ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ।

ਗੌਲਫ ਕੋਰਸ ਉੱਤੇ ਵਾਪਰੀ ਇਸ ਤਰ੍ਹਾਂ ਦੀ ਘਟਨਾ ਦੀ ਰਿਪੋਰਟ ਮਿਲਦੇ ਸਾਰ ਸੋਮਵਾਰ ਨੂੰ ਦੁਪਹਿਰੇ ਜਾਂਚਕਾਰ ਲੈਜ਼ਲੀ ਸਟਰੀਟ ਤੇ ਬੇਅਵਿਊ ਐਵਨਿਊ ਨੇੜੇ ਸਥਿਤ ਡਾਇਮੰਡਬੈਕ ਗੌਲਫ ਕਲੱਬ ਪਹੁੰਚੇ। ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਅਕਤੀ ਦਾ ਗੌਲਫ ਕਾਰਟ ਹਾਦਸਾਗ੍ਰਸਤ ਹੋ ਕੇ ਇਸ ਪਾਣੀ ਦੇ ਸਰੋਤ ਵਿੱਚ ਜਾ ਡਿੱਗਿਆ। ਸਟਾਫ ਸਾਰਜੈਂਟ ਡੇਵ ਮਿਸ਼ੇਲ ਨੇ ਆਖਿਆ ਕਿ ਫਰਸਟ ਰਿਸਪਾਂਡਰਜ਼ ਨੂੰ ਪਾਣੀ ਵਿੱਚ ਕਿਸੇ ਵਿਅਕਤੀ ਦੀ ਲਾਸ਼ ਨਹੀਂ ਸੀ ਮਿਲੀ ਪਰ ਕਈ ਘੰਟੇ ਬਾਅਦ ਇਹ ਲਾਸ਼ ਪਾਣੀ ਵਿੱਚੋਂ ਮਿਲੀ।

ਮਿਸ਼ੇਲ ਨੇ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਇਹ ਵਿਅਕਤੀ ਗੌਲਫ ਕਾਰਟ ਤੋਂ ਆਪਣਾ ਸੰਤੁਲਨ ਗੁਆ ਬੈਠਿਆ ਤੇ ਪਾਣੀ ਵਿੱਚ ਜਾ ਡਿੱਗਿਆ। ਹੋਰਨਾਂ ਗੌਲਫਰਜ਼ ਨੇ ਇਸ ਵਿਅਕਤੀ ਦੀ ਭਾਲ ਵੀ ਕੀਤੀ ਪਰ ਉਨ੍ਹਾਂ ਨੂੰ ਉਹ ਕਿਤੇ ਨਹੀਂ ਮਿ-ਲਿਆ।ਯੌਰਕ ਰੀਜਨਲ ਪੁਲਿਸ ਦੀ ਮਰੀਨ ਯੂਨਿਟ ਨੂੰ ਇਸ ਵਿਅਕਤੀ ਦੀ ਲਾਸ਼ ਪਾਣੀ ਵਿੱਚੋਂ ਮਿਲੀ। ਮਿਸ਼ੇਲ ਨੇ ਦੱਸਿਆ ਕਿ ਗੌਲਫ ਕਾਰਟ ਵੀ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬਿਆ ਹੋਇਆ ਸੀ।

ਜਾਂਚਕਾਰ ਅਜੇ ਵੀ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਵਿਅਕਤੀ ਇੱਕਲਿਆਂ ਹੀ ਗੌਲਫ ਕਾਰਟ ਚਲਾ ਰਿਹਾ ਸੀ ਜਾਂ ਇਸ ਨਾਲ ਹੋਰ ਲੋਕ ਵੀ ਸਨ ਜਦੋਂ ਇਹ ਹਾਦਸਾ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇਹ ਸ਼ੱਕੀ ਮਾਮਲਾ ਨਹੀਂ ਲੱਗ ਰਿਹਾ।

# ਮੱਤੇਵਾੜਾ ਦੇ ਜੰਗਲਾਂ ਨੇੜੇ ਕੋਈ ਸਨਅਤ ਨਹੀਂ ਲਾਈ ਜਾਵੇਗੀ : ਮਾਨ



ਚੰਡੀਗੜ੍ਹ, 11 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਫਕਹਿ ਦਿੱਤਾ ਹੈ ਕਿ ਰਾਜ ਦੇ ਜੰਗਲਾਂ ਤੇ ਬਹੁਮੁੱਲੇ ਜਲ ਸਰੋਤਾਂ ਨੂੰ ਬਚਾਉਣ ਲਈ ਮੱਤੇਵਾੜਾ ਦੇ ਜੰਗਲਾਂ ਨੇੜੇ ਤਜਵੀਜ਼ਕੀਤੀ ਥਾਂ ਉਤੇ ਕਿਸੇ ਤਰ੍ਹਾਂ ਦੀ ਕੋਈਵੀ ਸਨਅਤੀ ਯੂਨਿਟ ਨਹੀਂ ਲੱਗੇਗੀ।ਮੱਤੇਵਾੜਾ ਜੰਗਲ ਬਾਰੇ ਜਨਤਕ ਐਕਸ਼ਨ ਕਮੇਟੀ ਨਾਲ ਮੀਟਿੰਗ ਪਿੱਛੋਂਮੁੱਖ ਮੰਤਰੀ ਨੇ ਐਲਾਨ ਕੀਤਾ, 'ਮੈਂ ਸਾਫ ਦੱਸਣਾ ਚਾਹੁੰਦਾ ਹਾਂ ਕਿ ਨਾ ਸਿਰਫ਼ ਮੱਤੇਵਾੜਾ, ਸਗੋਂ ਪੰਜਾਬ ਦੇ ਕਿਸੇ ਵੀ ਦਰਿਆ ਕੰਢੇ ਸਨਅਤ ਨਹੀਂ ਲਾਉਣ ਦੇਵਾਂਗੇ ਤਾਂ ਕਿ ਪਾਣੀ ਦਾ ਪ੍ਰਦੂਸ਼ਣ ਰੋਕਿਆ ਜਾ ਸਕੇ।'

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਬਣਾਏ ਪ੍ਰਾਜੈਕਟ ਦੇ ਸਾਰੇ ਪੱਖਘੋਖੇ ਬਗੈਰ ਇਕ ਹਜ਼ਾਰ ਏਕੜ ਵਿੱਚ ਟੈਕਸਟਾਈਲ ਪਾਰਕ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਪ੍ਰਾਜੈਕਟ ਵਾਲੀ ਜ਼ਮੀਨਮੱਤੇਵਾੜਾ ਜੰਗਲਾਂ ਦੇ ਨੇੜੇ ਅਤੇ ਸਤਲੁਜ ਦਰਿਆ ਦੇ ਕੰਢੇ ਹੈ, ਪਰ ਇਸ ਨਾਲ ਵਾਤਾਵਰਨ ਉਤੇ ਪੈਂਦੇ ਮਾੜੇ ਪ੍ਰਭਾਵ ਨੂੰ ਅਮਰਿੰਦਰ ਸਿੰਘ ਦੀ ਸਰਕਾਰ ਨੇ ਅਣਗੌਲੇ ਕਰ ਦਿੱਤਾ।ਉਨ੍ਹਾ ਕਿਹਾ ਕਿ ਇਸ ਪ੍ਰਾਜੈਕਟ ਨਾਲ ਨਾ ਸਿਰਫ਼ ਰੁੱਖਵੱਢੇ ਜਾਣਗੇ, ਸਗੋਂ ਦਰਿਆਈ ਪਾਣੀ ਵਿੱਚ ਪ੍ਰਦੂਸ਼ਣ ਵਧੇਗਾ, ਜਿਹੜਾ ਇਸ ਖਿੱਤੇ ਵਿੱਚ ਜੰਗਲੀ ਜੀਵਨ ਦੇ ਨਾਲ ਮਨੁੱਖੀ ਜੀਵਨ ਲਈ ਵੀ ਘਾਤਕ ਹੋਵੇਗਾ।

ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਸੰਭਾਲਣ ਪਿੱਛੋਂ ਸਾਡੀ ਸਰਕਾਰ ਨੇ ਇਸ ਪ੍ਰਾਜੈਕਟ ਦੀ ਡੂੰਘਾਈ ਨਾਲ ਘੋਖ ਕੀਤੀ ਤਾਂ ਪਾਇਆ ਕਿ ਇਸ ਨਾਲ ਇਲਾਕੇ ਦਾ ਵਾਤਾਵਰਣਕਸੰਤੁਲਨ ਵਿਗੜੇਗਾ। ਉਨ੍ਹਾਂ ਕਿਹਾ ਕਿ ਮਨੁੱਖੀ ਜੀਵਨ ਉਤੇ ਇਸ ਦੇ ਮਾੜੇ ਪ੍ਰਭਾਵ ਦਾ ਧਿਆਨ ਰੱਖ ਕੇ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਏਥੇ ਕੋਈ ਸਨਅਤੀ ਯੂਨਿਟ ਨਹੀਂ ਲੱਗੇਗਾ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਪ੍ਰਸਤਾਵਿਤ ਟੈਕਸਟਾਈਲ ਪਾਰਕ ਲਈ ਕਿਸੇ ਹੋਰ ਥਾਂ ਜ਼ਮੀਨ ਦੇਣ ਵਾਸਤੇ ਤਿਆਰ ਹੈ, ਪਰ ਸ਼ਰਤ ਇਹ ਹੈ ਕਿ ਇਸ ਨਾਲ ਰਾਜ ਦਾ ਪਾਣੀ ਪ੍ਰਦੂਸ਼ਿਤ ਨਾ ਹੋਵੇ।

## ਅੱਜ ਨਾਮਾ >>

ਤਾਜ਼ੀ-ਤਾਜ਼ੀ ਇਹ ਸੁਣੀ ਹੈ ਖਬਰ ਆਈ,
ਵਿਜੇ ਮਾਲਿਆ ਨੂੰ ਹੋਈ ਆ ਸਜ਼ਾ ਮੀਆਂ।
ਪੜ੍ਹੀ ਸੀ ਖਬਰ ਤਾਂ ਇਹ ਪ੍ਰਭਾਵ ਮਿਲਿਆ,
ਪਈ ਕੁਝ ਮਾਲਿਆ ਨੂੰ ਵੱਡੀ ਕਜ਼ਾ ਮੀਆਂ।
ਠੱਗ ਸਿਰੇ ਦਾ ਗਿਆ ਬਈ ਉਲਝ ਤਕੜਾ,
ਪਤਾ ਨਹੀਂ ਰੱਬ ਦੀ ਕੀ ਕੁਝ ਰਜ਼ਾ ਮੀਆਂ।
ਪੜ੍ਹਿਆ ਖਬਰ ਦਾ ਜਦੋਂ ਵਿਸਥਾਰ ਅਗਲਾ,
ਖਬਰ ਦਾ ਸੱਚ ਬੱਸਦਿੰਦਾ ਹੈ ਮਜ਼ਾ ਮੀਆਂ।
ਬੈਠਾ ਏ ਚੋਰ ਵਿਦੇਸ਼ ਵਿੱਚ ਮਜ਼ਾ ਕਰਦਾ,
ਔਖਾ ਲਿਆਵਣਾ ਭਾਰਤ ਦੇ ਵਿੱਚ ਮੀਆਂ।
ਮਾਇਆ ਦੇਸ਼ ਦੀ ਚੱਬ ਕੇ ਦੌੜਿਆ ਉਹ,
ਸਮਝਦਾ ਪਿਆ ਕਾਨੂੰਨਾਂ ਨੂੰ ਟਿੱਚ ਮੀਆਂ।

ਤੀਸ ਮਾਰ ਖਾਂ

# ਦੋ ਗੱਡੀਆਂ ਦੀ ਟੱਕਰ ਵਿੱਚ 3 ਜ਼ਖ਼ਮੀ



ਸਕਾਰਬਰੋ, 11 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸਵੇਰੇ ਸਕਾਰਬਰੋ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ ਗੰਭੀਰ ਜ਼ਖ਼ਮੀ ਹੋ ਜਾਣ ਤੋਂ ਬਾਅਦ ਇੱਕ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ।

ਇਹ ਹਾਦਸਾ ਸਵੇਰੇ 12:30 ਵਜੇ ਤੋਂ ਠੀਕ ਪਹਿਲਾਂ ਕਿੰਗਸਟਨ ਰੋਡ ਨੇੜੇ ਗਿਲਡਵੁੱਡ ਪਾਰਕਵੇਅ ਤੇ ਗੈਲੋਵੇਅ ਰੋਡ ਉੱਤੇ ਵਾਪਰਿਆ।ਪੁਲਿਸ ਨੇ ਦੱਸਿਆ ਕਿ ਇੱਕ ਗੱਡੀ ਗੈਲੋਵੇਅ ਉੱਤੇ ਦੱਖਣ ਵੱਲ ਜਾ ਰਹੀ ਸੀ ਤੇ ਦੂਜੀ ਗਿਲਫਵੁੱਡ ਪਾਰਕਵੇਅ ਦੇ ਪੱਛਮ ਵੱਲ ਜਾ ਰਹੀ ਸੀ ਜਦੋਂ ਦੋਵਾਂ ਦਰਮਿਆਨ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਸ਼ਾਮਲ ਗੱਡੀ ਨੂੰ ਅੱਗ ਵੀ ਲੱਗ ਗਈ।

ਪੈਰਾਮੈਡਿਕਸ ਨੇ ਦੱਸਿਆ ਕਿ ਤਿੰਨ ਵਿਅਕਤੀ ਨੂੰ ਹਸਪਤਾਲ ਲਿਜ-ਾਇਆ ਗਿਆ। ਇੱਕ ਦੀ ਹਾਲਤ ਗੰਭੀਰ ਪਰ ਸਥਿਰ ਸੀ ਤੇ ਦੋ ਹੋਰਨਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਇੱਕ ਦੀ ਲੱਤ ਵੀ ਟੁੱਟ ਗਈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਹਾਦਸਾ ਕਿਉਂ ਵਾਪਰਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸਿਮਰਨਜੀਤ ਸਿੰਘ ਮਾਨ ਨੇ ਕਿਹਾ: ਕਿਰਪਾਨ ਹੱਥ ਵਿੱਚ ਲੈ ਕੇ ਜਾਣਾ ਮੇਰਾ ਸੰਵਿਧਾਨਿਕ ਹੱਕ



ਬਰਨਾਲਾ, 11 ਜੁਲਾਈ, (ਪੋਸਟ ਬਿਊਰੋ)- ਸੰਗਰੂਰ ਪਾਰਲੀਮੈਂਟ ਹਲਕੇ ਦੀ ਉੱਪ ਚੋਣ ਜਿੱਤਣ ਪਿੱਛੋਂ ਨਵੇਂ ਪਾਰਲੀਮੈਂਟ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਅੱਜ ਸਾਫ ਕਿਹਾ ਹੈ ਕਿ 'ਮੇਰੇ ਜਿੱਤਣ ਪਿੱਛੋਂ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਹੈ ਕਿ ਸਿਮਰਨਜੀਤ ਸਿੰਘ ਮਾਨ ਦਾ ਕਿਰਪਾਨ ਮੁੱਦੇ ਉੱਤੇ ਕੀ ਸਟੈਂਡ ਹੋਵ-ੇਗਾ।'ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂਅਤੇ ਸਰਦਾਰ ਪਟੇਲ ਨੇ ਆਜ਼ਾਦੀ ਮੌਕੇ ਸਿੱਖਾਂ ਨਾਲ ਕੀਤੇ ਵਾਅਦਿਆਂਵਿੱਚੋਂ ਕੋਈ ਪੂਰਾ ਨਹੀਂ ਕੀਤਾ, ਪਰ ਸੰਵਿਧਾਨ ਦੀ ਧਾਰਾ 25 ਸਾਨੂੰ ਗਾਤਰੇ ਕਿਰਪਾਨ ਪਹਿਨਣ ਤੇ ਵੱਡੀ ਕਿਰਪਾਨ ਹੱਥਵਿੱਚ ਰੱਖਣ ਦੀ ਇਜਾਜ਼ਤ ਦਿੰਦੀ ਹੈ। ਇਸ ਲਈ ਮੈਂ ਇਸ ਸੰਵਿਧਾਨਕ ਹੱਕ ਦੀ ਵਰਤੋਂ ਕਰਾਂਗਾ।' ਇਹ ਗੱਲਾਂ ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਲੋਕ ਸਭਾ ਦੀ ਜਿੱਤਣ ਪਿੱਛੋਂਅੱਜਪਹਿਲੀ ਵਾਰਬਰਨਾਲਾ ਪੁੱਜਣ ਉੱਤੇਕਹੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਰੇ ਪੁੱਛੇ ਜਾਣ ਉੱਤੇਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਚੰਗੇ ਤੇ ਸੱਚੇ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਾਵਾਂਗੇ,ਜਿਹੜੇ ਸਿੱਖ ਹਿੱਤਾਂ ਨੂੰ ਸਾਂਭ ਸਕਣ, ਜਿਹੜੇ ਬੰਦੇ ਸਿੱਖ ਹਿੱਤਾਂ ਦੀ ਰਾਖੀ ਨਹੀਂ ਕਰ ਸਕਦੇ,ਉਹ ਨਹੀਂ ਲਵਾਂਗੇ।ਉਨ੍ਹਾਂ ਕਿਹਾ ਕਿ ਨਵੀਂ ਸ਼੍ਰੋਮਣੀ ਕਮੇਟੀ ਕੌਡੀਆਂ ਦੇ ਭਾਅ ਅਲਾਟ ਕੀਤੀਆਂ ਸ਼੍ਰੋਮਣੀ ਕਮੇਟੀ ਦੀਆਂ ਦੁਕਾਨਾਂ ਜਾਇਦਾਦਾਂ ਦੀ ਬੋਲੀ ਰੱਦ ਕਰਕੇ ਦੁਬਾਰਾ ਨਿਲਾਮੀ ਕਰਵਾਏਗੀ ਅਤੇ ਸ਼੍ਰੋਮਣੀ ਕਮੇਟੀ ਦੇ ਜਿੰਨੇ ਇੰਜਨੀਅਰਿੰਗ ਕਾਲਜ,ਮੈਡੀਕਲ ਕਾਲਜ,ਸਕੂਲ ਭਾਵ ਵਿਦਿਅਕ ਅਦਾਰੇ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਨੇ ਟਰੱਸਟ ਬਣਾ ਕੇ ਆਪਣੇ ਚਹੇਤਿਆਂ ਨੂੰ ਸੌਂਪੇ ਹਨ,ਉਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹੇਠ ਲਿਆਂਦਾ ਜਾਵੇਗਾ। ਅਕਾਲੀ ਦਲ ਇੱਕ ਕਰਨ ਬਾਰੇ ਉਨ੍ਹਾਂ ਕਿਹਾ ਕਿ ਚੰਗੇ ਲੋਕ ਨਾਲ ਲਏ ਜਾਣਗੇ,ਪਰ ਨਸ਼ਾ ਵੇਚਣ, ਜਾਇਦਾਦਾਂ ਤੇ ਹੋਟਲ ਬਣਾਉਣ ਵਾਲਿਆਂ ਨੂੰ ਕਿਸੇ ਕੀਮਤ ਉੱਤੇਆਪਣੇ ਨਾਲ ਨਹੀਂ ਲਿਆ ਜਾਵੇਗਾ।

ਪੰਜਾਬੀ ਗਾਇਕ ਸਿੱਧੂ ਮੂਸੇਵਾਲੇ ਦੇ ਕਤਲ ਬਾਰੇਉਨ੍ਹਾਂ ਕਿਹਾ ਕਿ ਜਦੋਂ ਲਿਬ-ਨਾਨ ਦੇ ਪ੍ਰਧਾਨ ਮੰਤਰੀ ਹੈਰਾਰੇ ਦਾ ਕਤਲ ਹੋਇਆ ਤਾਂਲੋਕਾਂ ਨੂੰ ਆਪਣੀ ਸਰਕਾਰ ਉੱਤੇ ਭਰੋਸਾ ਨਹੀਂ ਸੀ, ਇਸ ਕਰਕੇ ਉਸ ਕਤਲ ਦੀ ਜਾਂਚ ਯੂ ਐੱਨਓ ਨੇ ਕੀਤੀ ਸੀਅਤੇ ਯੂ ਐੱਨਓ ਨੇ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਤਲ ਦੀ ਜਾਂਚ ਵੀਕੀਤੀ ਸੀ। ਇਸੇ ਤਰ੍ਹਾਂ ਏਥੇ ਵੀ ਪੰਜਾਬਅਤੇ ਕੇਂਦਰ ਸਰਕਾਰ ਦੋਵੇਂ ਸਿੱਧੂ ਮੂਸੇਵਾਲੇ ਦੇ ਕਤਲ ਲਈ ਜ਼ੁੰਮੇਵਾਰ ਹੋਣ ਕਰ ਕੇ ਅਸੀਂ ਸੰਦੀਪ ਸਿੰਘ ਦੀਪ ਸਿੱਧੂਅਤੇ ਸਿੱਧੂ ਮੂਸੇਵਾਲਲੇ ਦੇ ਕਤਲ ਦੀ ਜਾਂਚ ਯੂ ਐੱਨਓ ਤੋਂ ਕਰਵਾਉਣ ਲਈ ਆਪਣੇ ਬਾਹਰ ਬੈਠੇ ਆਗੂਆਂ ਨੂੰ ਕਿਹਾ ਹੈਕਿ ਉਹ ਯੂ ਐੱਨਓ ਕੋਲ ਕੇਸ ਰੱਖਣ।ਉਨ੍ਹਾਂ ਕਿਹਾ ਕਿ ਸੰਗਰੂਰ ਦੇ ਲੋਕ ਮੈਂਬਰ ਪਾਰਲੀਮੈਂਟ ਵਜੋਂਮੇਰਾ ਕੰਮ1999ਵਿੱਚ ਦੇਖ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਹ 18 ਜੁਲਾਈ ਨੂੰ ਲੋਕ ਸਭਾ ਸੈਸ਼ਨਦੌਰਾਨਇਸ ਹਲਕੇ ਦੇ ਮੁੱਦੇ ਫਿਰ ਚੁੱਕਣਗੇ ਅਤੇ ਸਰਕਾਰ ਤੋਂ ਜਵਾਬ ਮੰਗਣਗੇ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill
(MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਕੈਪਟਨ ਅਮਰਿੰਦਰ ਨੂੰ ਮੱਤੇਵਾੜਾ ਪ੍ਰੋਜੈਕਟ ਰੱਦ ਹੋਣ ਦਾ ਦੁੱਖ



ਚੰਡੀਗੜ੍ਹ, 11 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੱਤੇਵਾੜਾ ਟੈਕਸਟਾਈਲ ਪਾਰਕ ਪ੍ਰਾਜੈਕਟ ਨੂੰ ਰੱਦ ਕੀਤੇ ਜਾਣ ਉੱਤੇ ਅਫਸੋਸ ਜ਼ਾਹਰ ਕਰਦਿਆਂ ਇਸ ਨੂੰ ਸਭ ਤੋਂ ਪਿਛਾਖੜੀ ਅਤੇ ਘੱਟ ਨਜ਼ਰੀਏ ਵਾਲਾ ਫੈਸਲਾ ਕਰਾਰ ਦਿੱਤਾ ਅਤੇ ਪੰਜਾਬ ਲਈ ਘਾਟੇਵੰਦਾ ਕਿਹਾ ਹੈ।

ਮੱਤੇਵਾੜਾ ਪ੍ਰੋਜੈਕਟ ਦੇ ਵਿਰੋਧਬਾਰੇਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਟੈਕਸਟਾਈਲ ਪਾਰਕ ਮੱਤੇਵਾੜਾਦੇ ਜੰਗਲੀ ਖੇਤਰ ਦੇ ਅੰਦਰ ਨਹੀਂ ਸੀ, ਜਿਵੇਂ ਕਿਹਾ ਜਾ ਰਿਹਾ ਹੈ, ਇਹਓਥੋਂ ਬਾਹਰ ਸੀ। ਉਨ੍ਹਾਂ ਦੱਸਿਆ ਕਿ ਯੂ ਐੱਨ ਓ ਦੇ ਦੱਸੇ ਅਨੁਸਾਰ ਵਾਤਾਵਰਣ ਦੀਆਂ ਚਿੰਤਾਵਾਂ ਦਾ ਧਿਆਨ ਰੱਖ ਕੇ ਹੀ ਪਾਰਕ ਮਨਜ਼ੂਰ ਕੀਤਾ ਸੀ।ਉਨ੍ਹਾ ਅਫਸੋਸ ਜ਼ਾਹਰ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਢਲੇ ਤੌਰ ਉੱਤੇ ਪ੍ਰਾਜੈਕਟ ਅੱਗੇ ਵਧਾਉਣ ਦਾ ਫੈਸਲਾ ਕਰਨ ਪਿੱਛੋਂ ਰੱਦ ਕਰ ਦਿੱਤਾ ਹੈ, ਕਿਉਂਕਿ ਕੁਝ ਲੋਕਾਂ ਨੇ ਤਕਨੀਕੀ ਅਤੇ ਵਿਗਿਆਨਕ ਜਾਣਕਾਰੀ ਤੋਂ ਬਿਨਾਂ ਵਿਰੋਧ ਕੀਤਾ ਸੀ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਟੈਕਸਟਾਈਲ ਪਾਰਕ ਦੇਸ਼ ਵਿੱਚ ਬਣ ਰਹੇ ਏਦਾਂ ਦੇ ਸੱਤ ਪਾਰਕਾਂ ਵਿੱਚੋਂ ਇੱਕ ਸੀ ਤੇ ਇਹ ਯੂ ਐੱਨ ਸਸਟੇਨੇਬਲ ਡਿਵੈਲਪਮੈਂਟ ਟਾਰਗੇਟ-9 ਦੇ ਅਨੁਸਾਰ ਟਿਕਾਊ ਉਦਯੋਗੀਕਰਨ ਦੇ ਖਾਸ ਉਦੇਸ਼ ਨਾਲ ਬਣਨਾ ਸੀ, ਜਿਹੜਾ ਵਾਤਾਵਰਣ ਦਾ ਨੁਕਸਾਨ ਨਹੀਂ ਸੀ ਕਰਦਾ।ਉਨ੍ਹਾਂ ਨੇਕਿਹਾ ਕਿ "ਜਦੋਂ ਪੰਜਾਬ ਅੱਜ ਵਿੱਤੀ ਸੰਕਟ ਨਾਲ ਜੂਝ ਰਿਹਾ ਹੈ ਅਤੇ ਨਿਵੇਸ਼ ਨਹੀਂ ਆ ਰਿਹਾ ਤਾਂ ਅਜਿਹਾ ਪਿਛਾਖੜੀ ਫੈਸਲਾ ਉਦਯੋਗਾਂ ਨੂੰ ਏਥੇ ਆਉਣ ਵੱਲੋਂ ਹੋਰ ਨਿਰਾਸ਼ ਕਰੇਗਾ"। ਉਨ੍ਹਾਂ ਕਿਹਾ, ਏਦਾਂ ਦਾ ਮਹੱਤਵਪੂਰਨ ਫੈਸਲਾ ਇੰਨੀ ਕਾਹਲੀ ਵਿੱਚ ਨਹੀਂ ਲਿਆ ਜਾਣਾ ਚਾਹੀਦਾ ਸੀ। ਉਨ੍ਹਾਂ ਧਿਆਨ ਦਿਵਾਇਆ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਪ੍ਰੋਜੈਕਟ ਦੀ ਜਾਂਚ ਲਈ ਪਹਿਲਾਂ ਹੀ ਇੱਕ ਮਾਹਿਰ ਕਮੇਟੀ ਬਣਾਈਹੋਈ ਹੈ ਤੇ ਕੁਝ ਲੋਕਾਂ ਵੱਲੋਂ ਉਠਾਏ ਇਤਰਾਜ਼ਾਂ ਦੀ ਜਾਂਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਉਸਫੈਸਲੇ ਦੀ ਉਡੀਕ ਕਰਨੀ ਚਾਹੀਦੀ ਸੀ।

# ਮੂਸੇਵਾਲਾ ਕਤਲ ਕੇਸ ਦੀ ਸੀ ਬੀ ਆਈ ਜਾਂਚ ਦੀ ਮੰਗ ਸੁਪਰੀਮ ਕੋਰਟ ਵੱਲੋਂ ਰੱਦ

ਨਵੀਂ ਦਿੱਲੀ, 11 ਜੁਲਾਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੇ ਕਤਲ ਕੇਸ ਦੀ ਸੀਬੀਆਈ ਜਾਂਚ ਦੀ ਮੰਗ ਵਾਲੀ ਪਟੀਸ਼ਨ ਉੱਤੇ ਸੁਣਵਾਈ ਕਰਨ ਤੋਂ ਭਾਰਤ ਦੀ ਸੁਪਰੀਮ ਕੋਰਟ ਨੇ ਨਾਂਹ ਕਰ ਦਿੱਤੀ ਹੈ। ਪਟੀਸ਼ਨਬਾਰੇ ਅਦਾਲਤ ਨੇ ਕਿਹਾ ਕਿ ਇਸ ਕੇਸ ਨੂੰ ਸਿਆਸੀ ਰੰਗ ਨਹੀਂ ਦੇਣਾ ਚਾਹੀਦਾ।

ਇਹ ਪਟੀਸ਼ਨ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਭਾਜਪਾ ਆਗੂ ਜਗਬੀਰ ਸਿੰਘ ਨੇਪੇਸ਼ ਕੀਤੀ ਸੀ। ਸੁਪਰੀਮ ਕੋਰਟ ਵੱਲੋਂ ਪਟੀਸ਼ਨ ਉੱਤੇ ਸੁਣਵਾਈ ਤੋਂ ਇਨਕਾਰ ਪਿੱਛੋਂ ਜਗਬੀਰ ਸਿੰਘ ਦੇ ਵਕੀਲ ਨੇ ਪਟੀਸ਼ਨ ਵਾਪਸ ਲੈ ਲਈ। ਕੋਰਟ ਨੇ ਪਟੀਸ਼ਨਰ ਜਗਬੀਰ ਸਿੰਘ ਦੇ ਵਕੀਲ ਨੂੰ ਕਿਹਾ ਕਿ ਰਾਜ ਸਰਕਾਰ ਇਸ ਦੀ ਆਪਣੇ ਪੱਧਰ ਉੱਤੇ ਜਾਂਚ ਕਰਵਾ ਰਹੀ ਹੈ ਤੇ ਜਾਂਚ ਸਹੀ ਦਿਸ਼ਾ ਵਿੱਚਚੱਲ ਰਹੀ ਹੈ। ਅਦਾਲਤ ਨੇ ਕਿਹਾ ਕਿ ਇਸ ਕੇਸ ਨੂੰ ਸਿਆਸੀ ਰੰਗ ਦੇਣਾ ਠੀਕ ਨਹੀਂ। ਜਾਂਚ ਉੱਤੇ ਤਸੱਲੀ ਜ਼ਾਹਰ ਕਰਦਿਆਂ ਅਦਾਲਤ ਨੇ ਕਿਹਾ ਕਿ ਸੀਬੀਆਈ ਜਾਂਚ ਦੀ ਲੋੜ ਨਹੀਂ।



ਵਰਣਣ ਯੋਗ ਹੈ ਕਿ ਇਸ ਵਕਤ ਪੰਜਾਬ ਪੁਲਿਸ ਵੱਲੋਂਬਣਾਈ ਵਿਸ਼ੇਸ਼ ਜਾਂਚ ਟੀਮ(ਐੱਸਆਈਟੀ) ਇਸਕੇਸ ਦੀ ਜਾਂਚ ਕਰ ਰਹੀ ਹੈ। ਇਸ ਦੌਰਾਨ ਸਿੱਧੂਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਇਸ ਕੇਸ ਦੀ ਜਾਂਚ ਕੇਂਦਰੀ ਏਜੰਸੀ ਤੋਂ ਕਰਾਉਣ ਦੀ ਮੰਗ ਕੀਤੀ ਤੇ ਕਿਹਾ ਸੀ ਕਿ ਉਨ੍ਹਾਂ ਦੇ ਪੁੱਤਰ ਦੇ ਕੇਸ ਵਿੱਚ ਸੀਬੀਆਈ ਅਤੇ ਹੋਰ ਕੇਂਦਰੀ ਏਜੰਸੀਆਂ ਦਾ ਸਹਿਯੋਗ ਲਿਆ ਜਾਣਾ ਚਾਹੀਦਾ ਹੈ।ਸਿੱਧੂਮੂਸੇਵਾਲਾ ਦੇ ਮਾਂ-ਬਾਪ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਕੇਸ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਾਉਣ ਦੀ ਵੀ ਮੰਗ ਕੀਤੀ ਸੀ ਤੇ ਪੰਜਾਬ ਸਰਕਾਰ ਨੇ ਇਸ ਬਾਰੇ ਹਾਈ ਕੋਰਟ ਨੂੰ ਪੱਤਰ ਭੇਜਿਆ ਸੀ, ਪਰ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਕੇਸ ਦੀ ਜਾਂਚ ਲਈ ਮੌਜੂਦਾ ਜੱਜ ਦੀ ਮੰਗ ਠੁਕਰਾ ਦਿੱਤੀ ਸੀ। ਹਾਈਕੋਰਟ ਨੇ ਸਰਕਾਰ ਨੂੰ ਸਪੱਸ਼ਟ ਕੀਤਾ ਸੀ ਕਿ ਉਹ ਇਸ ਮਕਸਦ ਲਈ ਕੋਈ ਜੱਜ ਨਹੀਂ ਲਾ ਸਕਦੀ।

# ਭਗਵੰਤ ਦਾ ਸੁਖਬੀਰ ਨੂੰ ਮਿਹਣਾ: ਸਰਕਾਰੀ ਦਫ਼ਤਰ ਮੋਹਾਲੀ ਬਦਲਣ ਨਾਲ ਤੁਹਾਡੇ ਵੇਲੇ ਨਿਊ ਚੰਡੀਗੜ੍ਹ ਬਣਿਆ ਸੀ

ਅੰਮ੍ਰਿਤਸਰ, 11 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਕਾਲੀ ਆਗੂਆਂ ਵੱਲੋਂਪੰਜਾਬ ਦੀ ਰਾਜਧਾਨੀ ਦੇ ਮੁੱਦੇ ਉੱਤੇ ਬਿਆਨਬਾਜ਼ੀ ਕਰਨ ਬਦਲੇਅੱਜ ਚੰਡੀਗੜ੍ਹ ਉੱਤੇਪੰਜਾਬ ਦੇ ਦਾਅਵੇ ਕਮਜ਼ੋਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਕਰੜੀ ਆਲੋਚਨਾ ਕੀਤੀ।



ਏਥੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਪਿੱਛੋਂਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ਹਰ ਪੰਜਾਬੀ ਜਾਣਦਾ ਹੈ ਕਿ ਪੰਜਾਬ ਸਰਕਾਰ ਦੇ ਦਫ਼ਤਰਾਂ ਨੂੰ ਚੰਡੀਗੜ੍ਹ ਤੋਂ ਮੋਹਾਲੀ ਕਿਸ ਨੇ ਬਦਲਿਆ ਤੇ ਨਿਊ ਚੰਡੀਗੜ੍ਹ ਬਣਾਉਣ ਵਾਲੇ ਕੌਣ ਸਨ।'ਮੁੱਖ ਮੰਤਰੀ ਨੇ ਕਿਹਾ ਕਿ ਚੰਡੀਗੜ੍ਹ ਉੱਤੇ ਪੰਜਾਬ ਦੇ ਦਾਅਵੇ ਨੂੰ ਖੋਰਾ ਲਾਉਣ ਲਈ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਕੇਂਦਰ ਸਰਕਾਰਾਂ ਨਾਲ ਮਿਲੀਭੁਗਤ ਸੀ। ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਤੋਂ ਪੁੱਛਿਆ ਕਿ ਕੇਂਦਰ ਸਰਕਾਰਵਿੱਚ ਭਾਈਵਾਲੀ ਉਹ ਚੰਡੀਗੜ੍ਹ ਬਾਰੇ ਚੁੱਪ ਕਿਉਂ ਰਹੇ ਸਨ। ਭਗਵੰਤ ਮਾਨ ਨੇ ਕਿਹਾ ਕਿ ਬਾਦਲ ਨਿੱਜੀ ਹਿਤਾਂ ਲਈ ਚੁੱਪ ਰਹੇ ਅਤੇ ਕਾਂਗਰਸ ਲੀਡਰਸ਼ਿਪ ਸਾਰੇਕੇਸ ਉੱਤੇ ਮੂਕ ਦਰਸ਼ਕ ਬਣੀ ਰਹੀ।ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਵਾਧੂ ਬਿਆਨਬਾਜ਼ੀ ਕਰਕੇ ਸਸਤੀ ਸ਼ੋਹਰਤ ਖੱਟਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਮੇਰੀ ਸਰਕਾਰ ਨੇ ਪੰਜਾਬਵਿੱਚ ਨਸ਼ਾ ਤਸਕਰਾਂ ਵਿਰੁੱਧ ਵੱਡੇ ਪੱਧਰ ਉੱਤੇ ਕਾਰਵਾਈ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਜ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਹੈ। ਭਗਵੰਤ ਮਾਨ ਨੇ ਕਿਹਾ ਕਿ ਭਾਵੇਂ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਚੁੱਕੀ ਹੈ, ਸਰਕਾਰ ਤਸਕਰਾਂ ਨੂੰ ਸੀਖਾਂ ਪਿੱਛੇ ਡੱਕਣ ਵੱਲ ਧਿਆਨ ਦੇ ਰਹੀ ਹੈ।

# ਸੁਪਰੀਮ ਕੋਰਟ ਦਾ ਫੈਸਲਾ: ਅਬੂ ਸਲੇਮ ਨੂੰ ਛੇਤੀ ਰਿਹਾਈ ਨਹੀਂ, 25 ਸਾਲ ਸਜ਼ਾ ਪੂਰੀ ਹੋਣ ਪਿੱਛੋਂ 2030 ਵਿੱਚ ਜਾਨ ਛੁੱਟੇਗੀ

ਨਵੀਂ ਦਿੱਲੀ, 11 ਜੁਲਾਈ, (ਪੋਸਟ ਬਿਊਰੋ)- ਸਾਲ1993 ਦੇ ਮੁੰਬਈ ਧਮਾਕਿਆਂ ਦੇ ਕੇਸਬਾਰੇ ਅੱਜ ਸੁਪਰੀਮ ਕੋਰਟ ਨੇ ਅਬੂ ਸਲੇਮ ਦੇ ਕੇਸ ਵਿੱਚਪੁਰਤਗਾਲ ਨੂੰ ਦਿੱਤੇ ਭਰੋਸੇ ਦਾ ਜ਼ਿਕਰ ਕਰ ਕੇ ਕਿਹਾ ਕਿ 25 ਸਾਲ ਸਜ਼ਾ ਪੂਰੀ ਹੋਣ ਤੋਂ ਬਾਅਦ ਹੀ ਗੈਂਗਸਟਰ ਅਬੂ ਸਲੇਮ ਨੂੰ ਰਿਹਾਅ ਕਰਨਾ ਹੋਵੇਗਾ।ਅਬੂ ਸਲੇਮ ਨੇ ਅਦਾਲਤ ਤੋਂ 2027ਵਿੱਚ ਰਿਹਾਈ ਦਾ ਸਮਾਂ ਮਿਥਣ ਦੀ ਮੰਗ ਕੀਤੀ ਸੀ, ਜਿਸ ਤੋਂ ਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ ਹੈ।



ਵਰਣਣ ਯੋਗ ਕਿ ਸਲੇਮ ਪੁਰਤਗਾਲ ਵਿੱਚ ਤਿੰਨ ਸਾਲ ਸਜ਼ਾ ਕੱਟ ਚੁੱਕਾ ਹੈ ਤੇ ਭਾਰਤ ਵਿਚ 25 ਸਾਲ ਸਜ਼ਾ 10 ਨਵੰਬਰ 2030 ਨੂੰ ਪੂਰੀ ਹੋਵੇਗੀ। ਜਸਟਿਸ ਐੱਸ ਕੇ ਕੌਲ ਅਤੇ ਜਸਟਿਸ ਐੱਮਐੱਮ ਸੁੰਦਰੇਸ਼ ਦੇ ਬੈਂਚ ਨੇ ਅੱਜ ਫ਼ੈਸਲਾ ਸੁਣਾਇਆ, ਜਿਹੜਾ ਪਹਿਲਾਂ 5 ਮਈ ਨੂੰ ਰਾਖਵਾਂ ਰੱਖਿਆ ਗਿਆ ਸੀ।ਅਬੂ ਸਲੇਮ ਨੇ ਪੁਰਤਗਾਲ ਵਿਚਲੀ ਤਿੰਨ ਸਾਲ ਦੀ ਸਜ਼ਾ ਦਾ ਹਵਾਲਾ ਦੇ ਕੇ ਸਾਲ 2027ਵਿੱਚ ਰਿਹਾਈ ਦੀ ਅਪੀਲ ਕੀਤੀ ਸੀ। ਸੁਪਰੀਮ ਕੋਰਟ ਨੇ ਕਿਹਾ, 'ਉਮਰ ਕੈਦ ਦਾ ਫ਼ੈਸਲਾ ਦੇਣ ਵਾਲੀ ਅਦਾਲਤ ਹਵਾਲਗੀ ਦੇ ਸਮੇਂ ਸਰਕਾਰ ਵੱਲੋਂ ਕਿਸੇ ਹੋਰ ਦੇਸ਼ ਨੂੰ ਦਿੱਤੇ ਵਾਅਦੇ ਦੀ ਪਾਬੰਦ ਨਹੀਂ ਅਤੇ ਪੁਰਤਗਾਲਵਿੱਚ ਹਿਰਾਸਤ ਦੇ 3 ਸਾਲ ਸਜ਼ਾ ਦਾ ਹਿੱਸਾ ਨਹੀਂ ਸਨ। ਹਵਾਲਗੀ 2005 ਵਿਚ ਹੋਈ ਸੀ ਅਤੇ ਭਾਰਤ ਵਿਚ 25 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਹੀ ਸਰਕਾਰ ਕੋਈ ਫ਼ੈਸਲਾ ਕਰ ਸਕਦੀ ਹੈ।

ਸਾਲ 1993 ਦੇ ਮੁੰਬਈ ਦੇ ਲੜੀਵਾਰ ਧਮਾਕਿਆਂ ਦੇ ਦੋਸ਼ੀ ਅਬੂ ਸਲੇਮ ਨੂੰ 11 ਨਵੰਬਰ 2005 ਨੂੰ ਪੁਰਤਗਾਲ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ 2017 ਵਿੱਚ ਉਸ ਨੂੰ ਦੋਸ਼ੀ ਠਹਿਰਾਉਣ ਪਿੱਛੋਂ ਭਾਰਤੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। 12 ਮਾਰਚ 1993 ਨੂੰ ਮੁੰਬਈ ਵਿੱਚ ਹੋਏ 12 ਲੜੀਵਾਰ ਧਮਾਕਿਆਂ ਵਿਚ 257 ਲੋਕ ਮਾਰੇ ਗਏ ਅਤੇ 700 ਤੋਂ ਵੱਧ ਜ਼ਖਮੀ ਹੋਏ ਸਨ। ਸਲੇਮ ਨੇ ਪੁਰਤਗਾਲ ਤੋਂ ਹਵਾਲਗੀ ਹੋਣ ਸਮੇਂ ਭਾਰਤ ਸਰਕਾਰ ਵੱਲੋਂਦਿੱਤੇ ਭਰੋਸੇ ਨੂੰ ਆਧਾਰ ਬਣਾਇਆ ਹੈ।ਭਾਰਤ ਦੇ ਹੋਮ ਸੈਕਟਰੀ ਨੇ ਕਿਹਾ ਸੀ ਕਿ ਨਿਯਮਾਂ ਦੀ ਪਾਲਣਾ ਨਾ ਕਰਨ ਬਾਰੇ ਅਬੂ ਸਲੇਮ ਦੀ ਦਲੀਲ ਅਚਨਚੇਤੀ ਅਤੇ ਕਾਲਪਨਿਕ ਧਾਰਨਾਵਾਂ ਉੱਤੇ ਅਧਾਰਤ ਸੀ।

# ਕਾਲਕਾ ਦਾ ਦਾਅਵਾ: ਦਿੱਲੀ ਹਾਈਕੋਰਟ ਨੇ ਸਿੱਖ ਵਿਦਿਆਰਥੀਆਂ ਦੇ 5 ਕੱਕਾਰ ਧਾਰਨ ਨੂੰ ਮੌਲਿਕ ਅਧਿਕਾਰ ਮੰਨਿਆ

ਨਵੀਂ ਦਿੱਲੀ, 11 ਜੁਲਾਈ, (ਪੋਸਟ ਬਿਊਰੋ)- ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ ਨੇ ਅੱਜ ਇਹ ਦਾਅਵਾ ਕੀਤਾ ਹੈ ਕਿ ਦਿੱਲੀ ਹਾਈਕੋਰਟ ਨੇ ਇਮਤਿਹਾਨਵਿੱਚਸਿੱਖ ਵਿਦਿਆਰਥੀਆਂ ਵੱਲੋਂ ਪੰਜ ਕੱਕਾਰ ਧਾਰਨ ਨੂੰ ਸਿੱਖਬੱਚਿਆਂ ਦਾ ਮੌਲਿਕ ਹੱਕ ਕਰਾਰ ਦਿੱਤਾ ਹੈ ਅਤੇ ਇਹ ਦਿੱਲੀਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੱਡੀ ਜਿੱਤ ਹੈ।

ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਹਰਮੀਤ ਸਿੰਘ ਕਾਲਕਾ ਅਤੇ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ17 ਜੁਲਾਈ 2021 ਨੂੰ ਵਿਵੇਕ ਵਿਹਾਰ ਕੇਂਦਰ ਉੱਤੇਸਿੱਖਬੱਚੀ ਨੂੰ ਇਸ ਕਰ ਕੇ ਪੇਪਰ ਦੇਣ ਤੋਂ ਰੋਕਿਆ ਗਿਆ ਸੀ ਕਿ ਉਸ ਨੇ ਪੰਜ ਕੱਕਾਰ ਧਾਰਨ ਕੀਤੇ ਸਨ। ਉਨ੍ਹਾਂ ਦੱਸਿਆ ਕਿ ਇਸ ਕੇਸਵਿੱਚਦਿੱਲੀਸਿੱਖ ਗੁਰਦੁਆਰਾ ਕਮੇਟੀ ਨੇ ਕਾਨੂੰਨੀ ਲੜਾਈ ਲੜੀ ਤੇ ਦਿੱਲੀ ਹਾਈਕੋਰਟ ਨੇ ਸਾਫ ਕਿਹਾ ਹੈ ਕਿ ਸਿੱਖ



ਵਿਦਿਆਰਥੀਆਂ ਨੂੰ ਆਪਣੇ ਧਾਰਮਿਕ ਚਿੰਨ੍ਹ ਪੰਜ ਕੱਕਾਰ ਧਾਰਨ ਦਾ ਪੂਰਾ ਹੱਕ ਹੈ। ਉਨ੍ਹਾਂ ਦੱਸਿਆ ਕਿ ਇਹ ਫੈਸਲਾ ਜਸਟਿਸ ਰੱਖਾ ਪੱਲੀ ਦੀ ਅਦਾਲਤ ਨੇ ਦਿੱਤਾਾ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਸਿੱਖਿਆ ਵਿਭਾਗ ਨੂੰ ਫਿਟਕਾਰ ਲਾਈ ਤੇ ਕਿਹਾ ਹੈ ਕਿ ਜਿਸ ਬੱਚੀ ਦਾ ਪੇਪਰ ਰਹਿ ਗਿਆ ਸੀ, ਉਸ ਦਾ ਦੁਬਾਰਾ ਟੈਸਟ ਲਿਆ ਜਾਵੇ।












# ਬੌਨੀ ਬਰੇਸ ਪਾਰਕ ਸੀਨੀਅਰ ਕਲੱਬ ਨੇ ਕੈਨੇਡਾ ਡੇਅ ਮਨਾਇਆ




ਬੀਤੇ ਐਤਵਾਰ 3 ਜੁਲਾਈ, 2022 ਨੂੰ ਬਰੈਪਟਨ ਵੈਸਟ ਦੀ ਬੌਨੀ ਬਰੇਸ ਸੀਨੀਅਰ ਕਲੱਬ ਨੇ ਕੈਨੇਡਾ ਡੇਅ ਮਨਾਇਆ। 40, 50 ਬੰਦਿਆ ਹਾਜਰੀ ਵਿਚ ਦੂਸਰੀਆ ਕਲੱਬਾ ਦੇ ਨੁਮਾਇੰਦੇ ਵੀ ਆਏ। ਰਾਜਨੀਤਕਾਂ ਵਿਚੋਂ ਰਿਜਨਲ ਕਉਂਸਲਰ ਗੁਰਦੀਪ ਸਿੰਘ ਢਿਲੋਂ ਨੇ ਅਯੋਜਿਨ ਦੀ ਸ਼ੋਭਾ ਵਧਾਈ। ਐਪ ਪੀ ਸੋਨੀਆ ਸਿੱਧੂ ਅਤੇ ਮੰਤਰੀ ਪਰਭਮੀਤ ਸਿੰਘ ਸਰਕਾਰੀਆ ਪਹੁੰਚ ਨਾ ਸਕੇ। ਸਟੇਜ ਸਕੱਤਰ ਦੀ ਡੀਓਟੀ ਨਿਰਮਲ ਸਿੰਘ ਧਰਨੀ ਨੇ ਬਾਖੂਬੀ ਨਿਭਾਈ। ਕਲੱਬ ਦੇ ਪ੍ਰਧਾਨ ਮੋਹਨ ਸਿੰਘ ਭੰਗੂ ਨੇ ਆਪਣੇ ਭਾਸ਼ਨ ਵਿਚ ਸਭ ਨੂੰ ਜੀ ਆਇਆ ਆਖਿਆ ਅਤੇ ਕਨੇਡਾ ਡੇਅ ਦੀ ਅਹਿਮੀਅਤ ਉਪਰ ਆਪਣੇ ਵਿਚਾਰ ਸਾਂਝੇ ਕੀਤੇ। ਆਪਣੀ ਕਲੱਬ ਦੀਆ ਗਤੀਆ ਵਿਧੀਆ ਦਸਦਿਆ

ਉਨਾ ਸ਼ਕਾਇਤ ਕੀਤੀ ਕਿ ਪਿਛਲੇ 5, 6 ਸਾਲਾ ਤੋਂ ਉਹ ਪਾਰਕ ਵਿਚ ਇਕ ਸ਼ੈਲਟਰ ਬਣਾਉਣ ਲਈ ਬੇਨਤੀ ਕਰਦੇ ਆ ਰਹੇ ਹਨ ਪਰ ਹਾਲਾ ਤਕ ਸਿਟੀ ਪ੍ਰਬੰਧਕਾਂ ਨੇ ਕੁਝ ਨਹੀਂ ਕੀਤਾ। ਸਾਰੇ ਇਲਾਕੇ ਦੀ ਅਣਦੇਖੀ ਕੀਤੀ ਜਾ ਰਹੀ ਹੈ। ਦਲਬੀਰ ਸਿੰਘ ਕੰਬੋਜ ਜੋ ਇਸ ਕਲੱਬ ਦੇ ਕਾਰਜ ਕਰਤਾ ਵੀ ਹਨ ਨੇ ਬਰੈਪਟਨ ਯੂਨੀਵਰਸਿਟੀ ਬਾਰੇ ਬੜੀ ਤਫਸੀਲ ਨਾਲ ਦਸਿਆ ਕਿ ਕਿਵੇਂ ਓਨਾਂ ਨੇ ਅਤੇ ਉਨ੍ਹਾ ਦੇ ਸਾਥੀਆ ਨੇ ਬ੍ਰੈਪਟਨ ਵਿਚ ਯੂਨੀਵਰਸਿਟੀ ਲਿਆਉਣ ਲਈ ਅਤੇ ਇਕ ਦੂਸਰਾ ਨਵਾ ਹਸਪਤਾਲ ਬਣਾਉਣ ਲਈ ਯਤਨਸ਼ੀਲ ਹੁੰਦਿਆ ਪਟੀਸ਼ਨਾ ਤਿਆਰ ਕੀਤੀਆ ਸਨ। ਫਲਸਰੂਪ ਆਉਣ ਵਾਲੇ ਸਮੇ ਵਿਚ ਦੋਨੋ ਕੰਮ ਹੋ ਜਾਣ ਦੀ ਪੂਰੀ ਆਸ ਹੈ। ਦਸੇ ਬੁਲਾਰਿਆ ਤੋਂ ਇਲਾਵਾ, ਮਲ ਸਿੰਘ ਬਾਸੀ ਅਤੇ ਅਜੀਤ ਸਿੰਘ ਰੱਖੜਾ ਤੋਂ ਇਲਾਵਾ ਕੁਝ ਹੋਰ ਸਜਣਾ ਨੇ ਵੀ ਸੰਬੋਧਨ ਕੀਤਾ। ਪ੍ਰੋਗਰਾਮ ਦੇ ਅੰਤ ਵਿਚ ਸੁਆਦੀ ਲੰਗਰ ਵਰਤਾਇਆ ਗਿਆ।

# ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਬੈਂਸ ਵੱਲੋਂ ਆਤਮ ਸਮੱਰਪਣ

*** ਬਲਾਤਕਾਰ ਕੇਸ ਵਿੱਚ 3 ਦਿਨਾ ਜੁਡੀਸ਼ਲ ਰਿਮਾਂਡ ਉੱਤੇ ਭੇਜਿਆ**

ਲੁਧਿਆਣਾ, 11 ਜੁਲਾਈ, (ਪੋਸਟ ਬਿਊਰੋ)- ਸਾਬਕਾ ਵਿਧਾਇਕ ਅਤੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਖਿਲਾਫ ਬਣੇ ਬਲਾਤਕਾਰ ਕੇਸ ਵਿੱਚ ਅੱਜ ਆਪਣੇ ਚਾਰ ਸਾਥੀਆਂ ਸਣੇ ਲੁਧਿਆਣਾ ਦੀ ਅਦਾਲਤਵਿੱਚਆਤਮ ਸਮੱਰਪਣ ਕਰ ਦਿੱਤਾ ਤਾਂ ਅਦਾਲਤ ਨੇ ਉਨ੍ਹਾਂ ਨੂੰ ਤਿੰਨ ਦਿਨ ਦੀ ਜੁਡੀਸ਼ਲ ਹਿਰਾਸਤਵਿੱਚ ਜੇਲ੍ਹ ਭੇਜ ਦਿੱਤਾ ਹੈ। ਸਿਮਰਜੀਤ ਸਿੰਘ ਬੈਂਸ ਸਣੇ ਕਈ ਜਣਿਆਂ ਨੂੰ ਇਸ ਬਲਾਤਕਾਰਕੇ-ਸਵਿੱਚ ਭਗੌੜਾ ਕਰਾਰ ਦਿੱਤਾ ਗਿਆ ਸੀ। ਬੈਂਸ ਦੇ ਭਰਾ ਕਰਮਜੀਤ ਸਿੰਘ ਦੀ ਗ੍ਰਿਫ਼ਤਾਰੀ ਦੇ ਕੁਝ ਦਿਨਾਂ ਪਿੱਛੋਂ ਅੱਜ ਸੋਮਵਾਰ ਸਵੇਰੇ ਸਿਮਰਜੀਤ ਸਿੰਘ ਬੈਂਸ ਨੇ ਆਤਮ ਸਮਰਪਣ ਕਰ ਦਿੱਤਾ।ਜਾਣਕਾਰ ਸੂਤਰਾਂ ਮੁਤਾ-ਬਕ ਅਦਾਲਤਵਿੱਚ ਉਨ੍ਹਾਂ ਦੇ ਕੁਝ ਸਾਥੀ ਵੀ ਸਨ।

ਅੱਜ ਲੁਧਿਆਣਾ ਅਦਾਲਤ ਵਿਚ ਆਤਮ ਸਮਰਪਣਤੋਂ ਪਹਿਲਾਂ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਫੇਸਬੁੱਕ ਅਕਾਊਂਟ ਉੱਤੇ ਇੱਕ ਪੋਸਟ ਪਾਈ, ਜਿਸ ਵਿਚ ਉਸ ਨੇ ਅਦਾਲਤ ਉੱਤੇਪੂਰਾ ਭਰੋਸਾ ਪ੍ਰਗਟ ਕਰਦੇ ਹੋਏ ਦਾਅਵਾ ਕੀਤਾ ਕਿ ਉਨ੍ਹਾਂ ਖਿਲਾਫ ਬਣੇ ਕੇਸ ਦੀ ਸੱਚਾਈ ਜਲਦੀ ਹੀ ਲੋਕਾਂ ਸਾਹਮਣੇ ਆ ਜਾਵੇਗੀ

ਵਰਨਣ ਯੋਗ ਹੈ ਕਿਅਦਾਲਤੀ ਹੁਕਮਾਂ ਨਾਲ ਸਿਮਰਜੀਤ ਸਿੰਘ ਬੈਂਸ ਤੇ ਬਾਕੀ ਮੁਲਜ਼ਮਾਂ ਦੀ ਜਾਇਦਾਦ ਅਟੈਚ ਕਰ ਕੇ ਸਾਰਿਆਂ ਦੇ ਬੈਂਕ ਖਾਤੇ ਫਰੀਜ਼ ਕਰਵਾ ਦਿੱਤੇ ਗਏ ਸਨ।ਬੀਤੀ 4 ਜੁਲਾਈ ਨੂੰ ਉਨ੍ਹਾਂ ਦੀ ਚੱਲ-ਅਚੱਲ ਜਾਇਦਾਦ ਅਟੈਚ ਕਰਨ ਦੇ ਹੁਕਮ ਜਾਰੀ ਹੋਏ ਸਨ। ਪੁਲਿਸ ਨੇ ਇਸ ਕੰਮ ਲਈ



ਤਹਿਸੀਲਦਾਰ ਨੂੰ ਅਦਾਲਤ ਦੇ ਆਰਡਰ ਦੀ ਕਾਪੀ ਦੇ ਕੇ ਹੁਕਮ ਦਿੱਤੇ ਸਨ ਕਿ ਇਹ ਜਾਇਦਾਦ ਅੱਗੇ ਕਿਸੇ ਨੂੰ ਖ਼ਰੀਦੀ ਜਾਂ ਵੇਚੀ ਨਹੀਂ ਜਾ ਸਕਦੀ।

## ਚੋਰ 35 ਤੋਲੇ ਗਹਿਣੇ ਲੈ ਗਏ

ਲੁਧਿਆਣਾ, 11 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਟਰਾਂਸਪੋਰਟ ਕਾਰੋਬਾਰੀ ਦੇ ਘਰ ਤੋਂ ਚੋਰਾਂ ਨੇ 35 ਤੋਲੇ ਗਹਿਣੇ ਚੋਰੀ ਕਰ ਲਏ ਹਨ। ਇਹ ਘਟਨਾ ਕੱਲ੍ਹ ਤੜਕੇ ਜਨਤਾ ਨਗਰ ਦੇ ਕੋਲ ਰਣਜੀਤ ਨਗਰ ਦੀ ਹੈ। ਘਰ ਵਿੱਚ ਸੁੱਤੇ ਪਏ ਪਰਵਾਰ ਨੂੰ ਵੀ ਚੋਰਾਂ ਦੀ ਇਸ ਕਾਰਵਾਈ ਦਾ ਪਤਾ ਨਹੀਂ ਲੱਗਾ। ਪਰਵਾਰ ਜਦ ਉਠਿਆ ਤਾਂ ਅਲਮਾਰੀ ਦਾ ਸਾਮਾਨ ਖਿੱਲਰਿਆ ਪਿਆ ਸੀ। ਇਸ ਪਿੱਛੋਂ ਉਨ੍ਹਾ ਨੇ ਥਾਣਾ ਡਵੀਜ਼ਨ ਨੰਬਰ ਛੇ ਦੀ ਪੁਲਸ ਨੂੰ ਦੱਸਿਆ। ਪੁਲਸ ਨੇ ਆਸ-ਪਾਸ ਦੇ ਸੀ ਸੀ ਟੀ ਵੀ ਫੁਟੇਜ ਦੀ ਪੜਤਾਲ ਕਰ ਕੇ ਛੇ ਅਣਪਛਾਤੇ ਚੋਰਾਂ ਦੀ ਫੁਟੇਜ ਹਾਸਲ ਕੀਤੀ ਹੈ, ਜਿਸ ਦੇ ਆਧਾਰ ਉੱਤੇ ਜਾਂਚ ਕੀਤੀ ਜਾ ਰਹੀ ਹੈ। ਅਵਨੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਕਮਲਜੀਤ ਸਿੰਘ ਦਾ ਟਰਾਂਸਪੋਰਟ ਦਾ ਕਾਰੋਬਾਰ ਹੈ। ਉਸ ਦੇ ਪਰਵਾਰ ਦੇ ਮੈਂਬਰ ਆਪਾ-ਆਪਣੇ ਕਮਰਿਆਂ ਵਿੱਚ ਸੁੱਤੇ ਸਨ। ਸਵੇਰੇ ਉਠੇ ਤਾਂ ਵੇਖਿਆ ਕਿ ਕਮਰੇ ਵਿਚਲੀ ਅਲਮਾਰੀ ਦਾ ਸਾਮਾਨ ਖਿਲਰਿਆ ਪਿਆ ਸੀ, ਜਿਸ ਵਿੱਚ ਲੱਖਾਂ ਰੁਪਏ ਦੇ ਕਰੀਬ 35 ਤੋਲੇ ਸੋਨੇ ਦੇ ਗਹਿਣੇ ਚੋਰੀ ਹੋ ਗਏ ਸਨ। ਉਸ ਦੇ ਪਰਵਾਰ ਨੂੰ ਵੀ ਇਸ ਬਾਰੇ ਬਿਲਕੁੱਲ ਪਤਾ ਨਹੀਂ ਸੀ।









## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769








ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ


ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013






## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013






## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




# ਮਾਪਿਆਂ ਨੂੰ ਬੱਚੇ ਦੀ ਇੰਟਰਨੈੱਟ ਵਰਤੋਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ ਜਾਂ ਨਹੀਂ ?



ਸੁਰਜੀਤ ਸਿੰਘ ਫਲੋਰਾ

ਭਾਰਤ ਵਿਚ 749 ਮਿਲੀਅਨ ਲੋਕ ਇੰਟਰਨੈਟ ਦੀ ਵਰਤੋਂ ਕਰਦੇ ਹਨ। ਜਿਹਨਾਂ ਵਿਚ ਸਭ ਤੋਂ ਵੱਧ ਨੰਬਰ ਭਾਰਤ ਦੇ ਨੌਜਵਾਨਾਂ ਦਾ ਹੈ। 14 ਤੋਂ 19 ਸਾਲ ਦੀ ਉਮਰ ਦੇ 91% ਔਨਲਾਈਨ ਸਨ 40-49 ਦੀ ਉਮਰ ਦੇ 87% ਹਨ।

ਜਿਵੇਂ ਕਿ ਅਧਿਐਨ 14 ਤੋਂ 19 ਉਮਰ ਵਰਗ ਨੂੰ ਦਰਸਾਉਂਦਾ ਹੈ, ਉਹ ਜ਼ਿਆਦਾਤਰ ਸਾਡੇ ਨੌਜਵਾਨ ਸਾਡੇ ਬੱਚੇ ਹਨ ਜੋ ਉਹਨਾਂ ਦੀ ਔਨਲਾਈਨ ਇੰਟਰਨੈਟ ਸੁਰੱਖਿਆ ਲਈ ਕਈ ਸਵਾਲ ਖੜ੍ਹੇ ਕਰਦੇ ਹਨ।

ਉਹਨਾਂ ਦੀ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਸਾਡੇ ਨੌਜਵਾਨਾਂ ਨੂੰ ਇੰਟਰਨੈੱਟ ਸੁਰੱਖਿਆ ਬਾਰੇ ਸਿਖਾਉਣਾ, ਅਤੇ ਮੈਨੂੰ ਨਹੀਂ ਲੱਗਦਾ ਕਿ ਨੌਜਵਾਨਾਂ ਵੱਲੋਂ ਸਮੇਂ-ਸਮੇਂ 'ਤੇ ਇੰਟਰਨੈੱਟ ਦੀ ਵਰਤੋਂ ਕਰਨ ਦੀ ਜਾਂਚ ਕਰਨਾ ਅਤੇ ਉਹਨਾਂ ਨਾਲ ਕਿਸੇ ਵੀ ਗਲਤ ਗੱਲ ਬਾਰੇ ਗੱਲ ਕਰਨਾ ਦੁਖਦਾਈ ਹੈ। ਮੈਂ ਸੋਚਦਾ ਹਾਂ ਕਿ ਜੇਕਰ ਵਰਤੋਂ ਨਾਲ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਤਾਂ ਗੱਲਬਾਤ ਸਤਿਕਾਰ, ਸੁਰੱਖਿਆ, ਅਤੇ ਹੋਰ ਧਿਆਨ ਨਾਲ ਦੇਖਣ ਦੀ ਲੋੜ ਬਾਰੇ ਹੋਣੀ ਚਾਹੀਦੀ ਹੈ। ਉਹਨਾਂ ਨੂੰ ਪਿਆਰ ਤੇ ਸਲੀਕੇ ਨਾਲ ਬੈਠ ਕੇ ਸਮਝਾਉਣਾ ਚਾਹਿੰਦਾ ਹੈ।

ਮਾਪੇ ਹੋਣ ਦੇ ਨਾਤੇ, ਇਹ ਸਾਡੇ ਬੱਚਿਆਂ ਨੂੰ ਦਿਖਾਉਣਾ ਸਾਡਾ ਕੰਮ ਹੈ ਕਿ ਚੰਗੇ ਫੈਸਲੇ ਕਿਵੇਂ ਲੈਣੇ ਹਨ। ਮੈਂ ਵਿਲ ਸਮਿਥ ਨਾਲ ਸਹਿਮਤ ਹਾਂ ਕਿ ਸਾਨੂੰ ਆਪਣੇ ਬੱਚਿਆਂ ਨੂੰ ਓਨੀ ਆਜ਼ਾਦੀ ਦੇਣੀ ਚਾਹੀਦੀ ਹੈ ਜਿੰਨੀ ਉਹ ਸੰਭਾਲ ਸਕਦੇ ਹਨ। ਜੇਕਰ ਸਾਡੇ ਬੱਚੇ ਦਿਖਾਉਂਦੇ ਹਨ ਕਿ ਉਹ ਉਸ ਆਜ਼ਾਦੀ ਦੀ ਮਾਤਰਾ ਨੂੰ ਸੰਭਾਲ ਨਹੀਂ ਸਕਦੇ ਜੋ ਅਸੀਂ ਉਨ੍ਹਾਂ ਨੂੰ ਜ਼ਿੰਮੇਵਾਰ ਤਰੀਕੇ ਨਾਲ ਦਿੰਦੇ ਹਾਂ, ਤਾਂ ਅਸੀਂ ਇਸ ਵਿੱਚੋਂ ਕੁਝ ਵਾਪਿਸ ਲੈਂਦੇ ਹਾਂ ਜਦੋਂ ਤੱਕ ਉਹ ਦਿੱਤੇ ਅਜ਼ਾਦੀ ਦੀ ਸਹੀ ਤਰੀਕੇ ਨਾਲ ਵਰਤੋਂ ਨਹੀਂ ਕਰਦੇ।

ਹੁਣ, ਜੇ ਕੋਈ ਖ਼ਤਰੇ ਵਾਲੀ ਗੱਲ ਨਹੀਂ ਹੈ ਤਾਂ ਤਾਂ ਉਹਨਾਂ 'ਤੇ ਜਾਸੂਸੀ ਨਾ ਕਰਨਾ ਮਹੱਤਵਪੂਰਨ ਹੈ। ਹਾਲਾਂਕਿ, ਉਨ੍ਹਾਂ ਦੀ ਉਮਰ ਦੇ ਆਧਾਰ 'ਤੇ, ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਹ ਜਿਨਸੀ ਸ਼ਿਕਾਰੀਆਂ ਜਾਂ ਹੋਰ ਔਨਲਾਈਨ ਜਾਲਾਂ ਦੁਆਰਾ ਨਿਸ਼ਾਨਾ ਨਾ ਬਣਾਏ ਜਾ ਰਹੇ ਹੋਣ। ਇਸ ਲਈ, ਇੱਕ ਤਰ੍ਹਾਂ ਨਾਲ, ਇਸ ਚੋਣ ਨੂੰ ਇਹ ਦਰਸਾਉਣਾ ਚਾਹੀਦਾ ਹੈ ਕਿ ਹਰੇਕ ਬੱਚੇ ਦੇ ਵਿਹਾਰ ਦੇ ਮਾਮਲੇ ਵਿੱਚ ਉਹ ਕਿੰਨਾ ਪਰਿਪੱਕ ਹੈ। ਜੇਕਰ ਉਹ ਅਚਾਨਕ ਬਦਲਦੇ ਹਨ ਕਿ ਉਹ ਕਿਵੇਂ ਕੰਮ ਕਰਦੇ ਹਨ, ਤਾਂ ਦੇਖੋ ਕਿ ਉਹ ਆਪਣੇ ਫ਼ੋਨ ਅਤੇ ਇੰਟਰਨੈੱਟ ਦੀ ਵਰਤੋਂ ਕਿਵੇਂ ਕਰਦੇ ਹਨ ਇਹ ਦੇਖਣ ਲਈ ਕਿ ਉਹਨਾਂ 'ਤੇ ਕੀ ਅਸਰ ਪੈ ਰਿਹਾ ਹੈ।

ਨਾਲ ਹੀ, ਤੁਹਾਡੇ ਬੱਚੇ ਨਾਲ ਇੰਟਰਨੈੱਟ ਅਤੇ ਇਸ ਤੱਥ ਬਾਰੇ ਗੱਲ ਕਰਨਾ ਇੱਕ ਚੰਗਾ ਵਿਚਾਰ ਹੈ ਕਿ ਉਹ ਜੋ ਕੁਝ ਵੀ ਔਨਲਾਈਨ ਪੜ੍ਹਦਾ ਹੈ ਉਹ ਸੱਚ ਨਹੀਂ ਹੁੰਦਾ। ਜਵਾਨੀ ਤੋਂ ਪਹਿਲਾਂ, ਤੁਹਾਡੇ ਬੱਚੇ ਨੇ ਸ਼ਾਇਦ ਸੈਕਸ ਬਾਰੇ ਸੁਣਿਆ ਹੋਵੇਗਾ ਪਰ ਅਸਲ ਵਿੱਚ ਇਹ ਨਹੀਂ ਜਾਣਦਾ ਕਿ ਇਹ ਕੀ ਹੈ ਜਾਂ ਕਿਉਂ। ਮੈਂ ਪੋਰਨ ਬਾਰੇ ਬਹੁਤ ਜ਼ਿਆਦਾ ਚਿੰਤਾ ਨਹੀਂ ਕਰਾਂਗਾ ਕਿਉਂਕਿ ਇਸਦਾ ਤੁਹਾਡੇ ਬੱਚੇ 'ਤੇ ਜ਼ਿਆਦਾ ਪ੍ਰਭਾਵ ਨਹੀਂ ਪਵੇਗਾ। ਜੇ ਤੁਸੀਂ ਇਸ ਵਿੱਚੋਂ ਕੋਈ ਵੱਡਾ ਸੌਦਾ ਨਹੀਂ ਕਰਦੇ ਹੋ, ਤਾਂ ਉਹ ਬਹੁਤ ਜ਼ਿਆਦਾ ਪਰਵਾਹ ਨਹੀਂ ਕਰਨਗੇ।



ਉਹਨਾਂ ਨੂੰ ਦੱਸੋ ਕਿ ਉਹਨਾਂ ਨੂੰ ਕਦੇ ਵੀ ਕਿਸੇ ਨੂੰ ਮਿਲਣ ਜਾਂ ਕਿਸੇ ਨਾਲ ਗੱਲ ਕਰਨ ਲਈ ਸਹਿਮਤ ਨਹੀਂ ਹੋਣਾ ਚਾਹੀਦਾ ਹੈ, ਬਿਨਾਂ ਤੁਹਾਡੇ ਨਾਲ ਗੱਲ ਕੀਤੇ। ਭਾਵੇਂ ਉਹ ਔਨਲਾਈਨ ਕਿਸੇ ਨਾਲ ਦੋਸਤ ਬਣ ਗਏ ਹਨ, ਉਹਨਾਂ ਨੂੰ ਕੋਈ ਵੀ ਜਾਣਕਾਰੀ ਦੇਣ ਤੋਂ ਪਹਿਲਾਂ ਤੁਹਾਡੇ ਨਾਲ ਸਲਾਹ ਕਰਨੀ ਚਾਹੀਦੀ ਹੈ।

ਇਸ ਦੇ ਨਾਲ ਹੀ ਜੇਕਰ ਤੁਸੀਂ ਉਹਨਾਂ ਨੂੰ ਚੇਤਾਵਨੀ ਦੇ ਸਕਦੇ ਹੋ ਅਤੇ ਉਹਨਾਂ ਨੂੰ ਇਹ ਸਮਝਾ ਸਕਦੇ ਹੋ ਕਿ ਤੁਸੀਂ ਕਿਉਂ ਚਿੰਤਤ ਹੋ, ਤਾਂ ਤੁਹਾਨੂੰ ਉਹਨਾਂ 'ਤੇ ਜ਼ਿਆਦਾ ਨਜ਼ਰ ਰੱਖਣ ਦੀ ਲੋੜ ਨਹੀਂ ਹੈ।

ਜਦੋਂ ਤੁਹਾਡਾ ਬੱਚਾ ਜਵਾਨੀ ਵਿੱਚ ਪਹੁੰਚ ਜਾਂਦਾ ਹੈ, ਤਾਂ ਤੁਹਾਨੂੰ ਉਹਨਾਂ ਨਾਲ ਦੁਬਾਰਾ ਗੱਲ ਕਰਨੀ ਚਾਹੀਦੀ ਹੈ ਕਿ ਕਿਵੇਂ ਪੋਰਨ ਸਾਈਟਾਂ ਵਿਦਿਅਕ ਜਾਂ ਅਸਲ ਜ਼ਿੰਦਗੀ ਵਰਗੀਆਂ ਨਹੀਂ ਹਨ। ਨਾਲ ਹੀ, ਲੋਕਾਂ ਨੂੰ ਯਾਦ ਦਿਵਾਓ ਕਿ ਉਹ ਔਨਲਾਈਨ ਦੋਸਤਾਂ ਨੂੰ ਵਿਅਕਤੀਗਤ ਰੂਪ ਵਿੱਚ ਨਹੀਂ ਮਿਲ ਸਕਦੇ, ਸੰਵੇਦਨਸ਼ੀਲ ਨਿੱਜੀ ਜਾਣਕਾਰੀ ਬਾਰੇ ਗੱਲ ਨਹੀਂ ਕਰ ਸਕਦੇ, ਅਤੇ ਉਹਨਾਂ ਦੇ ਸਮਾਜਿਕ ਸੁਰੱਖਿਆ ਨੰਬਰਾਂ ਨੂੰ ਸੁਰੱਖਿਅਤ ਰੱਖ ਸਕਦੇ ਹਨ।

ਦੂਜੇ ਪਾਸੇ, ਮੈਂ ਜਾਣਦਾ ਹਾਂ ਕਿ ਇੱਥੇ ਲੱਖਾਂ ਸਾਈਟਾਂ ਹਨ ਜੋ ਉੱਥੇ ਨਹੀਂ ਹੋਣੀਆਂ ਚਾਹੀਦੀਆਂ ਹਨ। ਪਰ ਮੈਂ ਸੋਚਦਾ ਹਾਂ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਰੱਖਿਆ ਕਰਨ ਅਤੇ ਉਨ੍ਹਾਂ 'ਤੇ ਨਜ਼ਰ ਰੱਖਣੀ ਨਹੀਂ ਚਾਹਿੰਦੀ। ਮੈਨੂੰ ਲੱਗਦਾ ਹੈ ਕਿ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਗੱਲ ਕਰਨਾ ਅਤੇ ਤਕਨਾਲੋਜੀ ਦੀ ਵਰਤੋਂ ਕਰਨਾ ਸਭ ਤੋਂ ਵਧੀਆ ਤਰੀਕੇ ਹਨ।

-ਬੱਚਿਆਂ ਨਾਲ ਅਕਸਰ ਇਸ ਬਾਰੇ ਗੱਲ ਕਰਨਾ ਕਿ ਇੰਟਰਨੈੱਟ ਕਿੰਨਾ ਖ਼ਤਰਨਾਕ ਹੋ ਸਕਦਾ ਹੈ, ਉਹਨਾਂ ਨੂੰ ਇਸ ਨੂੰ ਬਿਹਤਰ ਤਰੀਕੇ ਨਾਲ ਸਮਝਣ, ਬਿਹਤਰ ਫੈਸਲੇ ਲੈਣ ਅਤੇ ਸਰਗਰਮੀ ਨਾਲ ਇਸ ਤੋਂ ਦੂਰ ਰਹਿਣ ਵਿੱਚ ਮਦਦ ਕਰਦਾ ਹੈ (ਉਦਾਹਰਨ ਲਈ, ਜੇਕਰ ਉਹ ਅਸ਼ਲੀਲ ਵਿਗਿਆਪਨ ਦੇਖਦੇ ਹਨ, ਤਾਂ ਉਹ ਵੈੱਬਸਾਈਟ ਨੂੰ ਬੰਦ ਕਰਨ ਲਈ "ਐਕਸ" 'ਤੇ ਕਲਿੱਕ ਕਰ ਸਕਦੇ ਹਨ। )

ਤਕਨਾਲੋਜੀ ਦੀ ਵਰਤੋਂ ਕਰਨਾ: ਬਹੁਤ ਸਾਰੇ ਮਾਪਿਆਂ ਦੇ ਨਿਯੰਤਰਣ ਸੌਫਟਵੇਅਰ ਹਨ ਜੋ ਤੁਸੀਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਵਰਤ ਸਕਦੇ ਹੋ। ਜਿਵੇਂ ਕਿ ਕਰੋਮ ਦੀ ਸੁਰੱਖਿਅਤ ਖੋਜ (ਜੋ ਸਪੱਸ਼ਟ ਖੋਜ ਨਤੀਜਿਆਂ ਨੂੰ ਫਿਲਟਰ ਕਰਦੀ ਹੈ), ਮੈਕ ਦਾ ਸਕ੍ਰੀਨ ਸਮਾਂ, ਜਾਂ ਸਾਈਬਰਪਿਊਰੀਫਾਈ। ਇਹ ਬੱਚੇ ਦੀ ਵੈੱਬਸਾਈਟ 'ਤੇ ਹਰ ਚਿੱਤਰ ਅਤੇ ਵੀਡੀਓ ਨੂੰ ਫਿਲਟਰ ਅਤੇ ਬਲਾਕ ਕਰ ਸਕਦਾ ਹੈ ਜਿਸਦਾ ਪੋਰਨ, ਹਿੰਸਾ, ਦੁਰਘਟਨਾਵਾਂ ਆਦਿ ਨਾਲ ਕੋਈ ਲੈਣਾ-ਦੇਣਾ ਹੁੰਦਾ ਹੈ।

ਇੰਟਰਨੈਟ ਉਸ ਸਮੇਂ ਤੋਂ ਲੋਕਾ ਅਤੇ ਬੱਚਿਆਂ ਦਾ ਮਨੋਰੰਜਨ ਦਾ ਬਹੁਤ ਵੱਡਾ ਸਾਧਨ ਬਣ ਗਿਆ ਸੀ ਜਦੋਂ ਕੋਵਿਡ -19 ਮਹਾਂਮਾਰੀ 2020 ਦੇ ਸ਼ੁਰੂ ਵਿੱਚ ਦੁਨੀਆਂ ਭਰ ਵਿਚ ਪਹੁੰਚੀ, ਤਾਂ ਇਸਨੇ ਵੱਖ-ਵੱਖ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਰੁਕਾਵਟਾਂ ਪੈਦਾ ਕੀਤੀਆਂ। ਸਿੱਖਿਆ ਅਤੇ ਕਾਰੋਬਾਰੀ ਖੇਤਰ, ਦਲੀਲ ਨਾਲ, ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ।

ਇਹਨਾਂ ਰੁਕਾਵਟਾਂ ਨੇ ਬਹੁਤ ਸਾਰੇ ਲੋਕਾਂ ਨੂੰ ਇੱਕ ਨਵੀਂ ਹਕੀਕਤ ਨਾਲ ਅਨੁਕੂਲ ਹੋਣ ਲਈ ਮਜਬੂਰ ਕੀਤਾ। ਮਾਪਿਆਂ ਨੂੰ ਆਪਣੇ ਘਰਾਂ ਨੂੰ ਦਫ਼ਤਰਾਂ ਵਿੱਚ ਤਬਦੀਲ ਕਰਨ ਲਈ ਮਜਬੂਰ ਹੋਣਾ ਪਿਆ। ਸਕੂਲ ਬੰਦ ਕਰ ਦਿੱਤੇ ਗਏ, ਵਿਦਿਆਰਥੀਆਂ ਨੂੰ ਘਰਾਂ ਨੂੰ ਪਰਤਣ ਲਈ ਮਜਬੂਰ ਕੀਤਾ ਗਿਆ। ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ, ਇਸ ਲਈ, ਸਕੂਲੀ ਸਾਲ ਨੂੰ ਪੂਰਾ ਕਰਨ ਲਈ ਔਨਲਾਈਨ ਸਿਖਲਾਈ ਸ਼ੁਰੂ ਕਰਨ ਲਈ ਮਜਬੂਰ ਕੀਤਾ ਗਿਆ ਸੀ। ਡਿਜੀਟਲ ਗੈਜੇਟਸ ਅਤੇ ਇੰਟਰਨੈਟ ਕਨੈਕਟੀਵਿਟੀ ਦੀ ਮੌਜੂਦਗੀ ਤੋਂ ਬਿਨਾਂ ਔਨਲਾਈਨ ਸਿਖਲਾਈ ਸਫਲ ਨਹੀਂ ਹੋ ਸਕਦੀ। ਇਸ ਨਾਲ ਮਾਪੇ ਟੈਬਲੈੱਟ ਅਤੇ ਸਮਾਰਟਫ਼ੋਨ ਖਰੀਦਣ ਲਈ ਆਪਣੀਆਂ ਜੇਬਾਂ ਵਿੱਚੋਂ ਖਰਚ ਕਰਨ ਲਈ ਮਜ਼ਬੂਰ ਹੋਏ ਤੇ ਕਈ ਦੇਸ਼ਾਂ ਵਿਚ ਸਰਕਾਰਾਂ ਵਲੋਂ ਹਰ ਬੱਚੇ ਨੂੰ ਆਨਲਾਇਨ ਪੜ੍ਹਨ ਲਈ ਟੈਬਲਟ ਦਿੱਤੇ ਗਏ। ਜਿਸ ਨਾਲ ਉਹ ਆਪਣੀ ਬਿੰਨਾ ਕਿਸੇ ਮੁਸ਼ਕਲ ਆਪਣੀ ਪੜ੍ਹਾਈ ਨੂੰ ਚਾਲੂ ਰੱਖ ਸਕਣ।

ਖੁਸ਼ਕਿਸਮਤੀ ਨਾਲ, ਕੋਰੋਨ-ਵਾਇਰਸ ਦੀ ਸਕਾਰਾਤਮਕਤਾ ਦਰ ਘਟਣ ਅਤੇ ਸਕੂਲ ਦੁਬਾਰਾ ਖੁੱਲ੍ਹਣ ਤੋਂ ਬਾਅਦ ਸਧਾਰਣਤਾ ਵਾਪਸ ਆ ਗਈ, ਜਿਸ ਨਾਲ ਕਲਾਸਰੂਮ ਵਿੱਚ ਆਹਮੋ-ਸਾਹਮਣੇ ਸਿੱਖਣ ਦਾ ਰਾਹ ਪੱਧਰਾ ਹੋਇਆ।

ਹਾਲਾਂਕਿ, ਟੈਬਲੇਟ, ਲੈਪਟਾਪ, ਸਮਾਰਟਫੋਨ ਅਤੇ ਇੰਟਰਨੈਟ ਕਨੈਕਟੀਵਿਟੀ ਉਦੋਂ ਤੋਂ ਬੱਚਿਆਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਗਏ ਹਨ। ਬਹੁਤ ਸਾਰੇ ਬੱਚੇ ਇਹਨਾਂ ਯੰਤਰਾਂ ਨਾਲ ਆਪਣਾ ਸਮਾਂ ਬਿਤਾਉਂਦੇ ਹਨ, ਖਾਸ ਕਰਕੇ ਸ਼ਾਮ ਨੂੰ ਸਕੂਲ ਤੋਂ ਬਾਅਦ, ਸ਼ਨੀਵਾਰ ਅਤੇ ਛੁੱਟੀਆਂ ਦੌਰਾਨ।

ਅਫ਼ਸੋਸ ਦੀ ਗੱਲ ਹੈ ਕਿ, ਮਾਪਿਆਂ ਨੇ ਉਹਨਾਂ ਪਾਬੰਦੀਆਂ ਨੂੰ ਸੌਖਾ ਕਰ ਦਿੱਤਾ ਜੋ ਉਹਨਾਂ ਦੁਆਰਾ ਲਗਾਈਆਂ ਗਈਆਂ ਸਨ ਜਦੋਂ ਉਹਨਾਂ ਦੇ ਬੱਚੇ ਔਨਲਾਈਨ ਸਿੱਖ ਰਹੇ ਸਨ। ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਬਾਕੀ ਦੁਨੀਆ ਨਾਲ ਖੁੱਲ੍ਹ ਕੇ ਜੁੜੇ ਰਹਿਣ ਅਤੇ ਮਨੋਰੰਜਨ ਅਤੇ ਰੁਝੇਵੇਂ ਵਿੱਚ ਰਹਿਣ। ਅਜਿਹਾ ਲੱਗਦਾ ਹੈ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਇੰਟਰਨੈੱਟ ਦੀ ਆਜ਼ਾਦੀ ਦਿੱਤੀ ਹੈ।

ਇਹ ਬਣਾਉਣ ਵਿੱਚ ਇੱਕ ਮਹਾਂਮਾਰੀ ਹੈ ਅਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਾਤਾ-ਪਿਤਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੰਟਰਨੈੱਟ ਦੀ ਵਰਤੋਂ ਦੀ ਨਿਗਰਾਨੀ ਕਰਨਾ ਬੱਚਿਆਂ ਦੀ ਪ੍ਰਾਇਵੇਸੀ 'ਤੇ ਹਮਲਾ ਨਹੀਂ ਕਰ ਰਿਹਾ ਹੈ, ਪਰ ਉਨ੍ਹਾਂ ਨੂੰ ਨਵੀਂ ਤਕਨਾਲੋਜੀ ਦੁਆਰਾ ਪੈਦਾ ਹੋਣ ਵਾਲੇ ਖ਼ਤਰਿਆਂ ਤੋਂ ਬਚਾਉਣਾ ਹੈ। ਮਾਪਿਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਾਈਬਰ ਧੱਕੇਸ਼ਾਹੀ ਵਜੋਂ ਜਾਣੇ ਜਾਂਦੇ ਅੱਜ ਦੇ ਡਿਜੀਟਲ ਖੇਤਰ ਵਿੱਚ ਪਰੇਸ਼ਾਨੀ ਦਾ ਇੱਕ ਰੂਪ ਹੈ।

ਇੱਕ ਬੱਚੇ ਦੀ ਇੰਟਰਨੈੱਟ ਵਰਤੋਂ ਦੀ ਨਿਗਰਾਨੀ ਕਰਨਾ ਇੱਕ ਮਾਂ-ਪਿਓ ਨੂੰ ਔਨਲਾਈਨ ਧੱਕੇਸ਼ਾਹੀ ਦੀ ਕਿਸੇ ਵੀ ਘਟਨਾ ਦਾ ਪਤਾ ਲਗਾਉਣ ਦੇ ਯੋਗ ਬਣਾਉਂਦਾ ਹੈ। ਬੱਚਿਆਂ ਦੇ ਇੰਟਰਨੈਟ ਦੀ ਵਰਤੋਂ 'ਤੇ ਨਜ਼ਰ ਰੱਖਣ ਨਾਲ ਮਾਤਾ-ਪਿਤਾ ਨੂੰ ਆਨਲਾਈਨ ਸ਼ਿਕਾਰੀਆਂ ਦਾ ਤੁਰੰਤ ਪਤਾ ਲਗਾਉਣ ਦੇ ਯੋਗ ਬਣਾਉਂਦੇ ਹਨ। ਔਨਲਾਈਨ ਸ਼ਿਕਾਰੀਆਂ ਦੇ ਇਰਾਦੇ ਘਟੀਆ ਹੁੰਦੇ ਹਨਜਿਸ ਵਿੱਚ ਬਾਲ ਜਿਨਸੀ ਸ਼ੋਸ਼ਣ ਅਤੇ ਹੋਰ ਨਕਾਰਾਤਮਕ ਕਾਰਵਾਈਆਂ ਸ਼ਾਮਲ ਹਨ।

ਇਸ ਲਈ, ਇੰਟਰਨੈਟ ਦੀ ਵਰਤੋਂ ਕਰਦੇ ਸਮੇਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਮਜ਼ਬੂਤ ਸੰਬੰਧ ਹੋਣੇ ਚਾਹੀਦੇ ਹਨ। ਨਿਗਰਾਨੀ ਦਾ ਮਤਲਬ ਹੈ ਕਿ ਮਾਤਾ-ਪਿਤਾ ਕੋਲ ਆਪਣੇ ਸਕ੍ਰੀਨ ਸਮੇਂ ਨੂੰ ਸੀਮਤ ਕਰਨ ਦਾ ਆਦੇਸ਼ ਵੀ ਹੁੰਦਾ ਹੈ, ਜੋ ਉਹਨਾਂ ਨੂੰ ਹੋਰ ਜ਼ਰੂਰੀ ਗਤੀਵਿਧੀਆਂ ਲਈ ਸਮਾਂ ਨਿਰਧਾਰਤ ਕਰਨ ਦੇ ਯੋਗ ਬਣਾਉਂਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਬੱਚੇ ਆਪਣੇ ਮਾਤਾ-ਪਿਤਾ ਨਾਲੋਂ ਤਕਨੀਕੀ ਗਿਆਨਵਾਨ ਅਤੇ ਵਧੇਰੇ ਬੁੱਧੀਮਾਨ ਹੁੰਦੇ ਹਨ। ਇਸ ਲਈ, ਉਹ ਆਪਣੀ ਪਿੱਠ ਪਿੱਛੇ ਚਲੇ ਜਾਣਗੇ, ਅਣਉਚਿਤ ਸਮੱਗਰੀ ਨੂੰ ਦੇਖਣਗੇ ਅਤੇ ਫਿਰ ਵੈੱਬ ਇਤਿਹਾਸ ਨੂੰ ਮਿਟਾ ਦੇਣਗੇ।

ਜੇਕਰ ਤੁਸੀਂ ਉਨ੍ਹਾਂ ਦੀ ਇੰਟਰਨੈਟ ਵਰਤੋਂ ਦੀ ਨਿਗਰਾਨੀ ਕਰਦੇ ਹੋ ਤਾਂ ਹੀ ਕੋਈ ਇਸ ਤੋਂ ਬਚੇਗਾ। ਜੇਕਰ ਮਾਤਾ-ਪਿਤਾ ਇਸ ਸਭ ਨੂੰ ਨਜ਼ਰਅੰਦਾਜ਼ ਕਰਦੇ ਹਨ, ਤਾਂ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਨੂੰ ਖ਼ਤਰਾ ਪੈਦਾ ਹੋ ਜਾਵੇਗਾ, ਅਤੇ ਉਨ੍ਹਾਂ ਦੀ ਭਵਿੱਖ ਖ਼ਤਰੇ ਵਿੱਚ ਪੈ ਜਾਵੇਗਾ

# 'ਜੋ ਦਿਖਾ, ਸੋ ਲਿਖਾ'

ਜੈਪੁਰ ਵਿਖੇ 9 ਜੁਲਾਈ ਨੂੰ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉੱਤਰੀ ਜ਼ੋਨਲ ਕੌਂਸਲ ਦੀ ਅਹਿਮ ਮੀਟਿੰਗ ਦੇ ਫੈਸਲਿਆਂ ਨਾਲ ਪੰਜਾਬ ਦੀ ਰਾਜਨੀਤੀ ਦਾ ਪਾਰਾ ਸੱਤਵੇਂ ਅਸਮਾਨ ਤੇ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੀਟਿੰਗ ਵਿਚੋਂ ਗੈਰ ਹਾਜਰੀ ਤੇ ਵੀ ਸਵਾਲ ਉਠੇ। ਮੀਟਿੰਗ ਵਿੱਚ ਕਈ ਅਤਿ ਗੰਭੀਰ ਮੁੱਦਿਆਂ ਤੇ ਫੈਸਲੇ ਲਏ ਗਏ। ਪੰਜਾਬ ਅਤੇ ਹਰਿਆਣਾ ਵਿਚਕਾਰ ਕਰੀਬ 5 ਦਹਾਕਿਆਂ ਤੌਂ ਲਟਕ ਰਹੇ ਚੰਡੀਗੜ੍ਹ ਅਤੇ ਐਸਵਾਈਐਲ ਮੁੱਦੇ ਮੁੜ ਉਭਰ ਕੇ ਸਾਹਮਣੇ ਆਏ। ਹਰਿਆਣਾ ਦੇ ਮੁੱਖ ਮੰਤਰੀ ਖਟਰ ਦੀ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਲਈ ਚੰਡੀਗੜ੍ਹ ਵਿੱਚ ਜ਼ਮੀਨ ਦੀ ਮੰਗ ਤੇ ਗ੍ਰਹਿ ਮੰਤਰੀ ਨੇ ਹਾਮੀ ਭਰ ਦਿੱਤੀ । ਸ਼੍ਰੀ ਖੱਟਰ ਨੇ ਐੱਸਵਾਈਐੱਲ ਰਾਹੀਂ ਪਾਣੀ ਦਾ ਮੁੱਦਾ ਵੀ ਉਠਾਇਆ। ਪੰਜਾਬ ਦੇ ਜਲ ਸੋਮਿਆਂ ਬਾਰੇ ਮੰਤਰੀ ਹਰਜੋਤ ਬੈਂਸ ਨੇ ਐੱਸਵਾਈਐੱਲ ਦਾ ਵਿਰੋਧ ਕਰਦੇ ਕਿਹਾ ਕਿ ਪੰਜਾਬ ਪਾਸ ਇਸ ਸਮੇਂ ਵਾਧੂ ਪਾਣੀ ਹੈ ਹੀ ਨਹੀਂ । ਨਾਲ ਹੀ ਪੰਜਾਬ 'ਚ ਦਰਿਆਈ ਪਾਣੀਆਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਨਵਾਂ ਜਲ ਟ੍ਰਿਬਿਊਨਲ ਸਥਾਪਤ ਕਰਨ ਦੀ ਜੋਰਦਾਰ ਮੰਗ ਕੀਤੀ, ਜੋ ਪਿਛਲੇ 30 ਸਾਲਾਂ ਤੋਂ ਸੰਵਿਧਾਨ ਅਨੁਸਾਰ ਬਣਾਇਆ ਨਹੀਂ ਗਿਆ। ਸਾਲ 1972 ਦੀ ਇੰਡਸ ਕਮਿਸ਼ਨ ਦੀ ਰਿਪੋਰਟ ਅਨੁਸਾਰ ਬੈਂਸ ਨੇ ਹਰਿਆਣਾ ਪਾਸੋਂ ਯਮੁਨਾ 'ਚੋਂ ਪਾਣੀ ਦਾ ਦਾਅਵਾ ਵੀ ਠੋਕਿਆ। ਰਾਜਸਥਾਨ ਦੇ ਮੁੱਖ ਮੰਤਰੀ ਨੇ ਬੀਬੀਐੱਮਬੀ ਵਿੱਚ ਰਾਜਸਥਾਨ ਨੂੰ ਪੱਕਾ ਮੈਂਬਰ ਬਣਾਉਣ ਦੀ ਮੰਗ ਕੀਤੀ। ਵਿੱਤ ਮੰਤਰੀ ਹਰਪਾਲ ਚੀਮਾ ਨੇ ਬੀਬੀਐਮਬੀ ਵਿਚ ਦੀ ਪੱਕੀ ਮੈਂਬਰੀ ਕਾਇਮ ਰੱਖਣ ਅਤੇ ਪੰਜਾਬ ਯੂਨੀਵਰਸਿਟੀ ਪੰਜਾਬ ਕੋਲ ਰੱਖਣ ਦੀ ਮੰਗ ਉਠਾਈ। ਮੀਟਿੰਗ ਦੌਰਾਨ ਵਿਵਾਦਤ ਮੁੱਦਿਆਂ ਉਪਰ ਕੇਂਦਰ ਦਾ ਪੰਜਾਬ ਵਿਰੋਧੀ ਰਵੱਈਆ ਸਪੱਸ਼ਟ ਝਲਕਿਐ। ਉੱਧਰ, ਵਿਧਾਨ ਸਭਾ ਲਈ ਹਰਿਆਣਾ ਨੂੰ ਚੰਡੀਗੜ੍ਹ ਵਿੱਚ ਜ਼ਮੀਨ ਦੇਣ ਨਾਲ ਪੰਜਾਬ ਦੀ ਸਿਆਸਤ ਵਿੱਚ ਤੁਫਾਨ ਉਠ ਖੜਾ ਹੋਇਆ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਰਾਹੀਂ ਹਰਿਆਣਾ ਵਾਂਗ ਪੰਜਾਬ ਨੂੰ ਵਿਧਾਨ ਸਭਾ ਬਣਾਉਣ ਵਾਸਤੇ ਚੰਡੀਗੜ੍ਹ ਵਿੱਚ ਜ਼ਮੀਨ ਅਲਾਟ ਕਰਨ ਦੀ ਮੰਗ ਕਰਕੇ ਨਵਾਂ ਵਿਵਾਦ ਸਹੇੜ ਲਿਆ।

ਵਿਰੋਧੀ ਪਾਰਟੀਆਂ ਵੱਲੋਂ ਚੰਡੀਗੜ੍ਹ 'ਚ ਹਰਿਆਣਾ ਵਿਧਾਨ ਸਭਾ ਲਈ ਜ਼ਮੀਨ ਦੇਣ ਦਾ ਵਿਰੋਧ ਹੋ ਰਿਹੈ ਅਤੇ ਭਗਵੰਤ ਮਾਨ ਦੇ ਬਿਆਨ ਨੂੰ ਚੰਡੀਗੜ੍ਹ ਤੋਂ ਪੰਜਾਬ ਦੇ ਹੱਕ ਨੂੰ ਕੰਮਜ਼ੋਰ ਕਰਨ ਵਾਲਾ ਕਿਹਾ। ਵਿਰੋਧੀ ਪਾਰਟੀਆਂ ਨੂੰ ਸਰਕਾਰ ਨੂੰ ਘੇਰਨ ਲਈ ਬੈਠੇ ਬਠਾਏ ਵੱਡਾ ਮੁੱਦਾ ਮਿਲ ਗਿਆ। ਕਾਂਗਰਸ ਅਤੇ ਅਕਾਲੀ ਦਲ ਦਾ ਕਹਿਣੈ ਕਿ ਚੰਡੀਗੜ੍ਹ ਤਾਂ ਪੰਜਾਬ ਦਾ ਹੀ ਹੈ, ਇਸ ਵਿੱਚ ਹਰਿਆਣਾ ਨੂੰ ਵਿਧਾਨ ਸਭਾ ਲਈ ਜ਼ਮੀਨ ਦੇਣਾ ਗੈਰ-ਕਾਨੂੰਨੀ ਹੈ। ਇਸ ਦੇ ਵਿਰੋਧ ਵਿਚ ਮੁੱਖ ਮੰਤਰੀ ਨੂੰ ਤੁਰੰਤ ਸਰਬ-ਪਾਰਟੀ ਮੀਟਿੰਗ ਸੱਦਣੀ ਚਾਹਿਦੀ ਹੈ। ਪੰਜਾਬ ਪੁਨਰ-ਗਠਨ ਐਕਟ ਮੁਤਾਬਕ ਹਰਿਆਣਾ ਨੂੰ ਆਪਣੇ ਸੂਬੇ ਵਿੱਚ ਵਿਧਾਨ ਸਭਾ ਬਣਾਉਣੀ ਬਣਦੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਕਹਿਣੈ ਕਿ ਕਿਸੇ ਵੀ ਹਾਲਤ ਵਿਚ ਚੰਡੀਗੜ੍ਹ ਅੰਦਰ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਦੀ ਉਸਾਰੀ ਨਹੀਂ ਹੋਣ ਦੇਣੀ, ਇਸ ਵਿਸ਼ੇ ਤੇ ਜਲਦ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੱਕ ਪਹੁੰਚ ਵੀ ਕੀਤੀ ਜਾਵੇਗੀ। ਵਿਰੋਧੀ ਭਗਵੰਤ ਮਾਨ ਦੇ ਸਟੈਂਡ ਨੂੰ ਅਰਵਿੰਦ ਕਜਰੀਵਾਲ ਦੇ ਦਬਾਅ ਹੇਠ ਲੈਣ ਦਾ ਦੋਸ਼ ਲਗਾਉਂਦੇ ਨੇ। ਪਾਣੀ ਅਤੇ ਚੰਡੀਗੜ੍ਹ ਦੇ ਮੁੱਦਿਆਂ ਤੇ ਕੇਜਰੀਵਾਲ ਦੀ ਚੁੱਪ ਤੇ ਵੀ ਸਵਾਲ ਉਠ ਰਹੇ ਨੇ। ਦੋਸ਼ ਹੈ ਕਿ ਹਰਿਆਣਾ ਵਿਚ ਪਾਰਟੀ ਦਾ ਆਧਾਰ ਵਧਾਉਣ ਲਈ ਕੇਜਰੀਵਾਲ ਪੰਜਾਬ ਦੇ ਪੱਖ 'ਚ ਨਹੀਂ ਖਲੋਂਦੇ। ਸਮੁੱਚੇ ਮਾਮਲੇ ਨੂੰ ਸਮਝਣ ਲਈ ਪਿੱਛੋਕੜ ਤੇ ਝਾਤ ਮਾਰਦੇ ਹਾਂ। ਜਦੋਂ ਦਾ 1966 ਵਿਚ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਣਿਐ, ਉਦੋਂ ਤੋਂ ਕੇਂਦਰ ਦੀਆਂ ਸਰਕਾਰਾਂ ਇਸ ਸਰਹੱਦੀ ਸੂਬੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀਆਂ ਨੇ। ਪੰਜਾਬ ਪੁਨਰ ਗੱਠਨ ਕਨੂੰਨ ਰਾਹੀਂ ਪੰਜਾਬ ਅਤੇ ਹਰਿਆਣਾ ਵਿਚਕਾਰ ਰਾਜਧਾਨੀ ਚੰਡੀਗੜ, ਪੰਜਾਬੀ ਬੋਲਦੇ ਇਲਾਕੇ, ਭਾਖੜਾ ਪ੍ਰਬੰਧਕੀ ਬੋਰਡ 'ਚ ਨੁਮਾਇੰਦਗੀ ਅਤੇ ਪਾਣੀਆਂ ਦੀ ਵੰਡ ਹੋਈ ਸੀ। ਕਈ ਕਮਿਸ਼ਨ ਬਣੇ ਅਤੇ ਅਵਾਰਡ ਵੀ ਆਏ । 1985 ਵਿਚ ਰਾਜੀਵ-ਲੋਂਗੋਵਾਲ ਸਮਝੌਤੇ ਰਾਹੀਂ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਬਰਨਾਲਾ ਸਰਕਾਰ ਸਮੇਂ 26 ਜਨਵਰੀ ਨੂੰ ਪੂਰੀ ਤਿਆਰੀ ਕੀਤੀ ਗਈ। ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਇਸੇ ਟਕਰਾਅ ਤੋਂ ਪੰਜਾਬ ਵਿਚ ਅੱਤਵਾਦ ਆਇਆ ਅਤੇ ਹਜਾਰਾਂ ਨਿਰਦੋਸ਼ ਜਾਨਾਂ ਗਈਆਂ। ਪਰ ਕੇਂਦਰ ਸਰਕਾਰ ਟੱਸ ਤੋਂ ਮੱਸ ਨਾਂ ਹੋਈ। ਪਿਛਲੇ 5 ਦਹਾਕਿਆਂ ਤੋਂ ਪੰਜਾਬ ਅਤੇ ਹਰਿਆਣਾ ਵਿਚ ਇਨ੍ਹਾਂ ਮੁੱਦਿਆਂ ਤੇ ਤਣਾਅ ਚਲਿਆ ਆ ਰਿਹੈ। ਕੇਂਦਰ ਦੇ ਕਿਸਾਨ ਵਿਰੋਧੀ 3 ਕਨੂੰਨਾਂ ਖਿਲਾਫ ਦੋਵੇਂ ਸੂਬਿਆਂ ਦੇ ਲੋਕ ਇਕੱਠੇ ਲੜੇ ਅਤੇ ਕੇਂਦਰ ਨੂੰ ਕਨੂੰਨ ਵਾਪਸ ਲੈਣੇ ਪਏ। ਉਸ ਸਮੇਂ ਪੰਜਾਬ ਅਤੇ ਹਰਿਆਣਾ ਵਿਚ ਆਪਸੀ ਸਮਝ ਵਾਲਾ ਮਹੌਲ ਬਣਿਆ। ਇੰਝ ਲੱਗਾ ਕਿ ਹੁਣ ਦੋਵੇਂ ਸੂਬਿਆਂ ਦੇ ਲੋਕ ਰਾਜਨੀਤੀ ਨੂੰ ਲਾਂਭੇ ਛੱਡ ਮਸਲੇ ਹੱਲ ਕਰਨਗੇ। ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਬਣਨ ਤੇ ਕੇਂਦਰ ਹੋਰ ਵੀ ਸਖਤ ਹੋ ਗਿਆ। ਪੰਜਾਬ ਵਿਰੋਧੀ ਫੈਸਲਿਆਂ ਨੇ ਦੋਵੇਂ ਰਾਜਾਂ ਵਿਚ ਵਿਵਾਦਤ ਮੁੱਦਿਆਂ ਨੂੰ ਫਿਰ ਭਖਾਅ ਕੇ ਰੱਖ ਦਿੱਤੈ। ਪਹਿਲਾਂ ਬੀਬੀਐਮਬੀ ਵਿਚੋਂ ਪੰਜਾਬ ਨੂੰ ਲਾਂਬੇ ਕਰਨਾ, ਫਿਰ ਚੰਡੀਗੜ੍ਹ ਪ੍ਰਸਾਸ਼ਨ ਵਿਚ ਪੰਜਾਬ-ਹਰਿਆਣਾਂ ਦੇ ਅਫਸਰਾਂ ਦੀ 60:40 ਅਨੁਪਾਤ ਨਿਯੁੱਕਤੀਆਂ ਦੇ ਨਿਯਮ ਦਾ ਖਾਤਮਾ ਕੀਤਾ ਅਤੇ ਚੰਡੀਗੜ ਦੇ ਮੁਲਾਜ਼ਮਾਂ ਲਈ ਕੇਂਦਰ ਦੇ ਸਰਵਿਸ ਰੂਲ ਲਾਗੂ ਕੀਤੇ। ਹੁਣ ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਲਈ ਜਮੀਨ ਦੇਣ ਦੇ ਐਲਾਨ ਨਾਲ ਪੰਜਾਬ ਦੇ ਰਾਜਧਾਨੀ ਚੰਡੀਗੜ੍ਹ ਤੇ ਹੱਕ ਤੇ ਦਾ ਖਾਤਮਾ ਕਰ ਦਿੱਤੈ। ਇਨਾਂ ਵੱਡੇ ਮੁੱਦਿਆਂ ਨਾਲ ਪੰਜਾਬੀਆਂ ਦੇ ਜਜ਼ਬਾਤ ਜੁੜੇ ਨੇ। ਪੰਜਾਬ ਵਿਰੋਧੀ ਫੈਸਲਿਆਂ ਤੇ ਜਨਤਾ ਵਿਚ ਭਾਰੀ ਰੋਸ ਹੈ। ਇਸ ਤੇ ਰਾਜਨੀਤੀ ਵੀ ਸ਼ੁਰੂ ਹੋ ਚੁੱਕੀ ਹੈ। ਭਾਰੀ ਕੁਰਬਾਨੀਆਂ ਨਾਲ ਸ਼ਾਂਤ ਮਹੌਲ ਫਿਰ ਤੋਂ ਖਰਾਬ ਹੋ ਸਕਦੈ। ਸਿੱਟੇ ਵਜੋਂ ਪੰਜਾਬ ਅਤੇ ਹਰਿਆਣਾ ਵਿਚ ਚੰਗੇ ਚਲ ਰਹੇ ਆਪਸੀ ਸਬੰਧ ਵੀ ਤਣਾਅ ਪੂਰਣ ਹੋਣਗੇ। ਪਹਿਲਾਂ ਵੀ ਵਿਧਾਨ ਸਭਾ ਦੇ ਵਿਸੇਸ਼ ਇਜਲਾਸ ਰਾਹੀਂ ਕੇਂਦਰ ਦੀਆਂ ਦਮਨਕਾਰੀ ਨੀਤੀਆਂ ਵਿਰੁੱਧ ਮਤਾ ਪਾਸ ਕਰਕੇ ਚੰਡੀਗੜ੍ਹ ਉੱਤੇ ਪੰਜਾਬ ਦੇ ਬਣਦੇ ਹੱਕ ਲਈ ਲੜਨ ਦਾ ਐਲਾਨ ਹੋ ਚੁੱਕੈ। ਸਾਡਾ ਮਕਸਦ ਕੇਂਦਰ ਜਾਂ ਸੂਬਾ ਸਰਕਾਰ ਦੇ ਰੁੱਖ ਤੇ ਨੁਕਤਾਚੀਨੀ ਕਰਨ ਦਾ ਨਹੀਂ, ਸਗੋਂ ਲੰਮੇ ਸਮੇਂ ਤੋਂ ਤਣਾਅ ਵਾਲੇ ਮਹੌਲ ਕਾਰਨ ਹੋਈ ਸਰਹੱਦੀ ਸੂਬੇ ਦੀ ਬਰਬਾਦੀ ਤੋਂ ਸੁਚੇਤ ਕਰਨਾ ਹੈ। ਇਸ ਤੋਂ ਪਹਿਲਾਂ ਕਿ ਸਥਿਤੀ ਭਿਆਨਕ ਰੂਪ ਧਰਨ ਕਰੇ, ਸਾਰੀਆਂ ਧਿਰਾਂ ਨੂੰ ਜਲਦ ਮਿਲ ਬੈਠ ਕੇ ਇਹ ਟਕਰਾਅ ਵਾਲੇ ਮੁੱਦੇ ਸੁਲਝਾਉਣੇ ਚਾਹੀਦੇ ਨੇ, ਤਾਂ ਕਿ ਇਸ ਖਿੱਤੇ ਵਿਚ ਸ਼ਾਂਤੀ ਕਾਇਮ ਰਹਿ ਸਕੇ।

*-ਦਰਸ਼ਨ ਸਿੰਘ ਸ਼ੰਕਰ*
*ਜਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)*
*ਫੋਨ: 9915836543*

# ਬਿਜਲੀ ਬਿੱਲ ਮੁਆਫ ਕਰਨੇ ਵੱਡੀ ਚੁਣੌਤੀ

-ਇੰਜੀਨੀਅਰ ਦਰਸ਼ਨ ਸਿੰਘ ਭੁੱਲਰ

ਸਰਕਾਰ ਨੇ 300 ਯੂਨਿਟ ਬਿਜਲੀ, ਜਿਸ ਦੀ ਰਾਸ਼ੀ ਤਕਰੀਬਨ 2100 ਰੁਪਏ ਪ੍ਰਤੀ ਮਹੀਨਾ ਬਣੇਗੀ, ਮੁਫਤ ਦੇਣ ਦਾ ਐਲਾਨ ਬਜਟ ਵਿੱਚ ਕਰ ਦਿੱਤਾ ਹੈ। 300 ਯੂਨਿਟ ਮੁਫਤ ਕਰਨ ਨਾਲ ਅਸਲ ਬੋਝ ਕਿੰਨਾ ਹੋਵ-ੇਗਾ, ਇਸ ਬਾਰੇ ਪਤਾ ਖਪਤਕਾਰਾਂ ਦੀ ਬਿਜਲੀ ਵਰਤਣ ਦੀ ਮਿਲੀ ਖੁੱਲ੍ਹ ਦਾ ਲਾਭ ਉਠਾਉਣ ਦੀ ਬਿਰਤੀ ਤੋਂ ਲੱਗੇਗਾ, ਪਰ ਸਰਕਾਰ ਨੇ ਇਸ ਦੇ ਲਈ ਕੇਵਲ 1800 ਕਰੋੜ ਰੁਪਏ ਰੱਖੇ ਹਨ। ਸਾਲ 2022-23 ਦੀ ਸਬਸਿਡੀ ਕਰੀਬ 13900 ਕਰੋੜ ਹੈ। ਪਿਛਲੇ ਸਾਲ ਦਾ ਬਕਾਇਆ 9020 ਅਤੇ ਇਹ 1800 ਕਰੋੜ ਮਿਲੋ ਜਾਣ ਤਾਂ ਇਸ ਵਿੱਤੀ ਵਰ੍ਹੇ ਦੌਰਾਨ ਸਰਕਾਰ ਨੂੰ ਕੁੱਲ ਸਬਸਿਡੀ ਕਰੀਬ 24720 ਕਰੋੜ ਰੁਪਏ ਦੇਣੀ ਪਵੇਗੀ। ਇਸ ਸਾਲ ਕਾਰਪੋਰੇਸ਼ਨ ਦੀ ਕੁੱਲ ਆਮਦਨ 36150 ਕਰੋੜ ਰੁਪਏ ਹੈ। ਪਿਛਲੇ ਸਾਲ ਦੇ ਬਕਾਏ ਛੱਡ ਕੇ ਕੁੱਲ ਸਬਸਿਡੀ ਦੀ ਰਕਮ ਬਿਜਲੀ ਨਿਗਮ ਦੀ ਆਮਦਨੇ ਦਾ 44 ਫੀਸਦੀ ਬਣਦੀ ਹੈ, ਜੋ ਸਾਰੇ ਦੇਸ਼ ਨਾਲੋਂ ਵੱਧ ਹੈ।ਇਸ ਵਿੱਚ ਸ਼ੱਕ ਨਹੀਂ ਕਿ 300 ਯੂਨਿਟ ਮੁਫਤ ਬਿਜਲੀ ਦੇਣ ਲਈ ਪੰਜਾਬ ਸਰਕਾਰ ਨੇ ਅਕਲ ਵਰਤੇ ਬਿਨਾਂ ਦਿੱਲੀ ਦੀ ਨਕਲ ਮਾਰੀ ਹੈ। ਦਿੱਲੀ ਦੀ ਸਥਿਤੀ ਸਾਥੋਂ ਵੱਖ ਹੈ। ਉਥੇ ਖੇਤੀ ਸਬਸਿਡੀ ਦਾ ਬੋਝ ਨਹੀਂ ਤੇ ਨਾ ਉਦਯੋਗਿਕ ਸਬਸਿਡੀ ਦਾ। ਦਿੱਲੀ ਵਿੱਚ ਉਦਯੋਗਿਕ ਅਤੇ ਵਪਾਰਕ ਖਪਤਕਾਰਾਂ ਦੀਆਂ ਬਿਜਲੀ ਦੀਆਂ ਔਸਤ ਦਰਾਂ ਕ੍ਰਮਵਾਰ 9.45 ਅਤੇ 11.18 ਰੁਪਏ ਪ੍ਰਤੀ ਯੂਨਿਟ ਹਨ, ਪੰਜਾਬ ਵਿੱਚ ਇਹ ਕ੍ਰਮਵਾਰ 7.00 ਅਤੇ 7.97 ਰੁਪਏ ਪ੍ਰਤੀ ਯੂਨਿਟ ਹਨ। ਇਹ ਦਿੱਲੀ ਨਾਲੋਂ ਤਾਂ ਘੱਟ ਹਨ ਹੀ, ਭਾਰਤ ਦੀਆਂ ਔਸਤ ਦਰਾਂ ਜੋ 7.41 ਅਤੇ 8.37 ਰੁਪਏ ਪ੍ਰਤੀ ਯੂਨਿਟ ਹਨ, ਤੋਂ ਵੀ ਘੱਟ ਹਨ। ਦਿੱਲੀ ਸਰਕਾਰ ਘਰੇਲੂ ਖਪਤਕਾਰਾਂ ਨੂੰ ਜੋ ਸਸਤੀ ਬਿਜਲੀ ਦੇਂਦੀ ਹੈ ਉਹ ਆਪਣੇ ਖਜ਼ਾਨੇ ਵਿੱਚੋਂ ਨਹੀਂ, ਬਾਹਰੋ ਬਾਹਰ ਉਦਯੋਗਿਕ ਅਤੇ ਵਪਾਰਕ ਖਪਤਕਾਰਾਂ ਦੀਆਂ ਜੇਬਾਂ ਵਿੱਚੋਂ ਦੇ ਰਹੀ ਹੈ। ਜਿੱਥੋਂ ਤੱਕ ਘਰੇਲੂ ਖਪਤਕਾਰਾਂ ਦੀਆਂ ਬਿਜਲੀ ਦਰਾਂ ਦਾ ਸੰਬੰਧ ਹੈ, ਦਿੱਲੀ ਵਿੱਚ ਉਨ੍ਹਾਂ ਦੀ ਔਸਤ ਦਰ 4.58 ਰੁਪਏ ਪ੍ਰਤੀ ਯੂਨਿਟ ਹੈ।

ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਨਵੰਬਰ 2021 ਤੋਂ ਘਰੇਲੂ ਖਪਤਕਾਰਾਂ ਲਈ ਬਿਜਲੀ ਦੀਆਂ ਦਰਾਂ ਤਿੰਨ ਰੁਪਏ ਯੂਨਿਟ ਸਸਤੀਆਂ ਕਰ ਦਿੱਤੀਆਂ ਸਨ, ਜੋ ਅੱਜ ਵੀ ਲਾਗੂ ਹਨ। ਪੰਜਾਬ ਦੇ ਘਰੇਲੂ ਖਪਤਕਾਰ ਲਈ ਦੋ ਕਿਲੋਵਾਟ ਲੋਡ ਲਈ ਬਿਜਲੀ ਦੀ ਔਸਤ ਦਰ ਪਹਿਲੇ 100 ਯੂਨਿਟਾਂ ਲਈ 1.19 ਰੁਪਏ ਅਤੇ 101 ਤੋਂ 300 ਯੂਨਿਟ ਲਈ ਬਿਜਲੀ ਦਰ 1.49 ਰੁਪਏ ਅਤੇ 101 ਤੋਂ 300 ਯੂਨਿਟਾਂਤੱਕ 4.01 ਰੁਪਏ ਪ੍ਰਤੀ ਯੂਨਿਟ ਹੀ ਹੈ। ਇਸ ਤੋਂ ਇਲਾਵਾ ਪਹਿਲਾਂ ਹੀ ਗਰੀਬ ਤਬਕੇ ਲਈ 200 ਅਤੇ ਆਜ਼ਾਦੀ ਘੁਲਾਟੀਆਂ ਦੇ ਪਰਵਾਰਾਂ ਲਈ 300 ਯੂਨਿਟਾਂ ਪ੍ਰਤੀ ਮਹੀਨਾ ਮੁਫਤ ਦੇਣ ਦੀ ਪ੍ਰਵਾਨਗੀ ਵੀ ਹੈ। ਦਿੱਲੀ ਸਰਕਾਰ ਦੀ ਸਬਸਿਡੀ ਸਿਰਫ 3020 ਕਰੋੜ ਰੁਪਏ ਹੈ, ਪੰਜਾਬ ਦੀ ਇਸ ਤੋਂ ਚਾਰ ਗੁਣਾ ਵੱਧ।

ਇੱਥੇ ਇਹ ਵੀ ਨੋਟ ਕਰਨਾ ਚਾਹੀਦਾ ਹੈ ਕਿ ਪੰਜਾਬ ਤਕਰੀਬਨ 2500 ਕਰੋੜ ਰੁਪਏ ਦੀ ਸਬਸਿਡੀ ਉਦਯੋਗਿਕ ਖੇਤਰ ਨੂੰ ਵੀ ਦਂਦਾ ਹੈ। ਜੋ ਚੀਜ਼ ਇੱਕ ਵਾਰ ਮੁਫਤ ਮਿਲਣ ਲੱਗ ਜਾਵੇ, ਉਹ ਨਸ਼ੇ ਵਾਂਗ ਛੱਡਣੀ ਔਖੀ ਹੁੰਦੀ ਹੈ। ਇੱਕ ਵਾਰ ਪੰਜਾਬ ਸਰਕਾਰ ਨੇ ਵੀ ਸਰਦੇ-ਪੁੱਜਦੇ ਕਿਸਾਨਾਂ ਨੂੰ ਖੇਤੀ ਟਿਊਬਵੈਲਾਂ ਦੀ ਸਬਸਿਡੀ ਛੱਡਣ ਦੀ ਅਪੀਲ ਕੀਤੀ ਸੀ, ਪਰ ਬਹੁਤਾ ਹੁੰਗਾਰਾ ਨਹੀਂ ਮਿ-ਲਆ। ਸਰਕਾਰ ਨੂੰ ਬਿਜਲੀ ਖੇਤਰ ਵਿੱਚ ਬਿਜਲੀ ਦੀਆਂ ਦਰਾਂ ਹੋਰ ਸਸਤੀਆਂ ਕਰਨ ਤੇ ਖਪਤਕਾਰ ਸੇਵਾਵਾਂ ਨੂੰ ਬਿਹਤਰ ਬਣਾਉਣ ਦੇਯਤਨ ਕਰਨੇ ਚਾਹੀਦੇ ਹਨ।ਪਿਛਲੀ ਸਰਕਾਰ ਨੇ ਜੋ ਬਿਜਲੀ ਸਮਝੌਤਿਆਂ ਦੇ ਵ੍ਹਾਈਟ ਪੇਪਰ ਅਤੇ ਪੁਨਰ ਵਿਚਾਰ ਦੀ ਕਹਾਣੀ ਅਧੂਰੀ ਛੱਡੀ ਸੀ, ਉਸ ਨੂੰ ਸਿਰੇ ਲਾਇਆ ਜਾਵੇ।

ਸਾਡੇ ਗੁਆਂਢੀ ਰਾਜ ਹਰਿਆਣਾ ਵਿੱਚ ਝੱਜਰ ਵਿਖੇ ਬਿਲਕੁਲ ਪੰਜਾਬ ਵਰਗੇ ਇਸੇ ਸਮੇਂ ਲੱਗੇ ਥਰਮਲ ਪਲਾਂਟ ਦੇ ਫਿਕਸਡ ਕਪੈਸਿਟੀ ਚਾਰਜਿਜ ਕੇਵਲ 0.815 ਰੁਪਏ ਯੂਨਿਟ ਹਨ, ਜਦ ਕਿ ਤਲਵੰਡੀ ਅਤੇ ਰਾਜਪੁਰਾ ਥਰਮਲ ਪਲਾਂਟ ਦੇ ਕ੍ਰਮਵਾਰ 1.024 ਅਤੇ 1.267 ਰੁਪਏ ਪ੍ਰਤੀ ਯੂਨਿਟ ਹਨ। ਜੇ ਇੱਕ ਪੈਸਾ ਵੀ ਪ੍ਰਤੀ ਯੂਨਿਟ ਵੱਧ ਹੋਵੇ ਤਾਂ ਤਲਵੰਡੀ ਤੇ ਰਾਜਪੁਰਾ ਥਰਮਲ ਪਲਾਂਟ ਲਈ 25 ਸਾਲਾਂ ਵਿੱਚ ਕ੍ਰਮਵਾਰ 343 ਤੇ 246 ਕਰੋੜ ਰੁਪਏ ਵੱਧ ਦੇਣੇ ਪੈਂਦੇ ਹਨ। ਜੇ ਇਨ੍ਹਾਂ ਦੋਵਾਂ ਥਰਮਲਾਂ ਦੇ ਸਮਝੌਤਿਆਂ ਉੱਤੇ ਨਜ਼ਰਸਾਨੀ ਕਰ ਕੇ ਇਨ੍ਹਾਂ ਦੇ ਫਿਕਸਡ ਕਪੈਸਿਟੀ ਚਾਰਜ਼ਿਜ ਝੱਜਰ ਪਲਾਂਟ ਜਿੰਨੇ ਕਰ ਲਏ ਜਾਣ ਤਾਂ ਪੰਜਾਬ ਨੂੰ ਕਰੀਬ ਸੱਤ ਸੌ ਕਰੋੜ ਰੁਪਏ ਸਾਲਾਨਾ ਲਾਭ ਹੋਵੇਗਾ। ਇਸੇ ਤਰ੍ਹਾਂ ਬਾਇਓਮਾਸ ਤੇ ਸੋਲਰ ਪਲਾਂਟਾਂ ਦੇ ਸਮਝੌਤੇ ਵੀ ਬਹੁਤ ਉਚ ਦਰਾਂ ਉੱਤੇ ਹੋਏ ਹਨ, ਜਿਨ੍ਹਾਂ ਉੱਤੇਮੁੜ ਵਿਚਾਰ ਕਰਨ ਲਈ ਅਸੈਂਬਲੀ ਵਿੱਚ ਬਿੱਲ ਵੀ ਪਾਸ ਹੋਇਆ ਸੀ, ਜਿਸ ਨੂੰ ਕਾਨੂੰਨ ਦੀ ਸ਼ਕਲ ਦੇਣੀ ਚਾਹੀਦੀ ਹੈ। ਪੰਜਾਬ ਨੂੰ ਆਪਣੀ ਟਰਾਂਸਮਿਸ਼ਨ ਕਪੈਸਟੀ ਵਿੱਚ ਵਾਧੇ ਵੱਲ ਧਿਆਨ ਦੇਣਾ ਚਾਹੀਦਾ ਹੈ। ਪੀ ਐੱਸ ਟੀ ਸੀ ਐੱਲ ਅਤੇ ਪੀ ਐੱਸ ਪੀ ਸੀ ਐੱਲ ਨੂੰ ਮਰਜ ਕਰ ਦਿੱਤਾ ਜਾਵੇ ਤਾਂਟ੍ਰਾਂਸਮਿਸ਼ਨ ਸਿਸਟਮ ਨੂੰ ਹੋਰ ਵਧੀਆ ਚਲਾਇਆ ਜਾ ਸਕਦਾ ਹੈ। ਏਦਾਂ ਕਰਨ ਨਾਲ ਸਾਲਾਨਾ 100 ਕਰੋੜ ਰੁਪਏ ਦੀ ਬੱਚਤ ਹੋਵੇਗੀ। ਪੰਜਾਬ ਦੇ ਨਵਿਆਉਣਯੋਗ ਊਰਜਾ ਵਿਭਾਗ ਦਾ ਕੰਮ ਬਹੁਤਾ ਤਸੱਲੀਬਖਸ਼ ਨਹੀਂ। ਦੋਵਾਂ ਨਿਗਮਾਂ ਦਾ ਰਲੇਵਾਂ ਕਰਨ ਦੇ ਨਾਲ ਬਿਜਲੀ ਨਿਗਮ ਵਿੱਚ ਇੱਕ ਪੋਸਟ ਡਾਇਰੈਕਟਰ ਬਾਇਓਮਾਸ ਤੇ ਸੂਰਜੀ ਊਰਜਾ ਦੀ ਬਣਾ ਕੇ ਦੋ ਮੈਗਾਵਾਟ ਤੋਂ ਉਪਰ ਦੇ ਪਲਾਂਟਾਂ ਦਾ ਕੰਮ ਬਿਜਲੀ ਨਿਗਮ ਨੂੰ ਸੌਂਪ ਦੇਣਾ ਚਾਹੀਦਾ ਹੈ।

ਸੇਵਾ ਬਿਹਤਰ ਬਣਾਉਣ ਲਈ ਹਰ ਕੰਮ ਆਨਲਾਈਨ ਕਰਨ ਦੇ ਨਾਲ ਕੰਮ ਦੇ ਅਨੁਪਾਤ ਅਨੁਸਾਰ ਨਵੀਂ ਭਰਤੀ ਕਰਨ ਦੀ ਲੋੜ ਹੈ। ਪੰਜਾਬ ਵਿੱਚ ਬਿਜਲੀ ਨਾਲ ਚੱਲਦੇ ਖੇਤੀ ਪੰਪਾਂ ਦੀ ਗਿਣਤੀ ਮਾਰਚ 2002 ਵਿੱਚ 8,29,114 ਸੀ, ਵਧ ਕੇ ਮਾਰਚ 2019 ਤੱਕ 13,78,960 ਹੋ ਗਈ ਅਤੇ 11 ਕੇ ਵੀ ਲਾਈਨਾਂ ਦੀ ਲੰਬਾਈ 98,779 ਕਿਲੋਮੀਟਰ ਤੋਂ ਵੱਧ ਕੇ 2,42,012 ਕਿਲੋਮੀਟਰ ਹੋ ਗਈ। ਏਦਾਂ ਹੀ ਖਪਤਕਾਰਾਂ ਦੀ ਗਿਣਤੀ 53,72,863 ਤੋਂ ਵਧ ਕੇ 94,78,248 ਹੋ ਗਈ। ਦੂਜੇ ਪਾਸੇ 2002 ਵਿੱਚ ਸਟਾਫ ਦੀ ਗਿਣਤੀ 87,066 ਸੀ, ਜੋ 2019 ਵਿੱਚ ਘੱਟ ਕੇ 42,443 ਰਹਿ ਗਈ। ਸੰਨ 2002 ਵਿੱਚ 1000 ਕੁਨੈਕਸ਼ਨ ਪਿੱਛੇ ਕਰੀਬ 16 ਕਰਮਚਾਰੀ ਸਨ, ਜੋ 2019 ਵਿੱਚ ਸਿਰਫ ਚਾਰ ਰਹਿ ਗਏ। ਨਵੀਂ ਭਰਤੀ ਨਾ ਹੋਣ ਕਰ ਕੇ ਕਰਮਚਾਰੀਆਂ ਦੀ ਗਿਣਤੀ ਅਤੇ ਕੰਮ ਦਾ ਅਨੁਪਾਤ ਹੋਰ ਘਟ ਗਿਆ ਹੈ। ਸਰਕਾਰ ਨੂੰ ਤਿੰਨ ਸੌ ਯੂਨਿਟਾਂ ਮੁਫਤ ਦੀ ਰਵਾਇਤੀ ਸਿਆਸਤ ਤੋਂ ਕਿਨਾਰਾ ਕਰ ਲੈਣਾ ਚਾਹੀਦਾ ਹੈ। ਇਸੇ ਵਿੱਚ ਹੀ ਪੰਜਾਬ ਦਾ ਭਲਾ ਹੈ। ਇਹ ਅੱਡੀਆਂ ਚੁੱਕ ਕੇ ਫਾਹਾ ਲੈਣ ਦੀ ਸਲਾਹ ਕਿਸੇ ਸਿਆਣੇ ਬੰਦੇ ਨਹੀਂ ਦਿੱਤੀ ਹੋਣੀ। ਮੁਫਤ ਸਹੂਲਤ ਲਈ ਜੋ ਰਾਸ਼ੀ ਖਰਚ ਕਰਨੀ ਹੈ ਉਸ ਨੂੰ ਮਹਿਕਮੇ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਿਆਉਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਵਰਤੇ। ਤਿੰਨ ਸੌ ਯੂਨਿਟ ਮੁਫਤ ਬਿਜਲੀ ਦੀ ਸਕੀਮ ਬਿਜਲੀ ਨਿਗਮ ਲਈ ਦਫਾ 302 ਸਾਬਿਤ ਹੋਵੇਗੀ।




## ਅੰਮ੍ਰਿਤਸਰ ਏਅਰਪੋਰਟ ਉੱਤੇ ਨੌਜਵਾਨ ਕਾਰਤੂਸਾਂ ਸਮੇਤ ਗ੍ਰਿਫਤਾਰ

ਅੰਮ੍ਰਿਤਸਰ, 11 ਜੁਲਾਈ (ਪੋਸਟ ਬਿਊਰੋ)- ਅੰਮ੍ਰਿਤਸਰ ਇੰਟਰਨੈਸ਼ਨਲ ਏਅਰਪੋਰਟ ਉੱਤੇ ਦੁਬਈ ਜਾਣ ਲਈ ਪਹੁੰਚੇ ਇੱਕ ਨੌਜਵਾਨ ਨੂੰ ਦੋ ਬੁਲੇਟਸ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਸੁਰੱਖਿਆ ਮੁਲਾਜ਼ਮਾਂ ਨੇ ਜਦ ਉਸ ਦੇ ਸਾਮਾਨ ਦੀ ਜਾਂਚ ਕੀਤੀ ਤਾਂ ਉਸ ਦੇ ਸਾਮਾਨ ਵਿਚ ਸਨਾਈਪਰ ਰਾਈਫਲ ਵਿੱਚ ਵਰਤੀਆਂ ਜਾਂਦੀਆਂ ਦੋ ਗੋਲੀਆਂ ਮਿਲਣ ਪਿੱਛੋਂ ਨੌਜਵਾਨ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਉਸ ਦੀ ਪਛਾਣ ਹਰੀਕੇ ਪੱਤਣ ਦੇ ਵਾਸੀ ਹੀਰਾ ਸਿੰਘ ਵਜੋਂ ਹੋਈ ਹੈ।

ਪਤਾ ਲੱਗਾ ਹੈ ਕਿ ਇਹ ਨੌਜਵਾਨ ਆਪਣੇ ਪਾਸਪੋਰਟ ਨਾਲ ਅੰਮ੍ਰਿਤਸਰ ਏਅਰਪੋਰਟ ਪਹੁੰਚਿਆ ਸੀ ਅਤੇ ਉਸ ਨੇ ਸਪਾਈਸ ਜੈਟ ਦੀ ਫਲਾਈਟ ਤੋਂ ਦੁਬਈ ਜਾਣਾ ਸੀ। ਜਦ ਜਾਂਚ ਲਈ ਉਹ ਏਅਰਪੋਰਟ ਸਕਿਓਰਿਟੀ ਕੋਲ ਪੁਹੰਚਿਆ ਤਾਂ ਐਕਸਰੇ ਮਸ਼ੀਨ ਵਿੱਚ ਸਾਮਾਨ ਵਿੱਚ ਕੁਝ ਸ਼ੱਕੀ ਦਿੱਸਣ ਉੱਤੇਂ ਉਸ ਨੂੰ



ਗ੍ਰਿਫਤਾਰ ਕਰ ਲਿਆ ਗਿਆ। ਏਅਰਪੋਰਟ ਸੁਰੱਖਿਆ ਸੁਪਰਵਾਈਜ਼ਰ ਨਿਤਿਕਾ ਸ਼ਰਮਾ ਨੇ ਦੱਸਿਆ ਕਿ ਹੀਰਾ ਸਿੰਘ ਨੂੰ ਗ੍ਰਿਫਤਾਰ ਕਰ ਕੇ ਪੁਲਸ ਹਵਾਲੇ ਕਰ ਦਿੱਤਾ ਹੈ। ਉਸ ਦੇ ਬੈਗ ਵਿੱਚੋਂ 7.64 ਬੋਰ ਦੀਆਂ ਦੋ ਬੁਲੇਟਸ ਮਿਲੀਆਂ ਸਨ। ਇਹ ਬੁਲੇਟਸ ਰਸ਼ੀਅਨ ਆਰਮੀ ਵੱਲੋਂ ਵਰਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਸਨਾਈਪਰ ਰਾਈਫਲਾਂ ਵਿੱਚ ਵੀ ਵਰਤਿਆ ਜਾਂਦਾ ਹੈ। ਏਅਰਪੋਰਟ ਥਾਣਾ ਪੁਲਸ ਨੇ ਦੋਸ਼ੀ ਹੀਰਾ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਸੱਪ ਦੇ ਡੰਗਣ ਨਾਲ 20 ਸਾਲਾ ਨੌਜਵਾਨ ਦੀ ਮੌਤ

ਭਾਈਰੂਪਾ, 11 ਜੁਲਾਈ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਬੁਰਜ ਗਿੱਲ ਦੇ ਇੱਕ ਨੌਜਵਾਨ ਦੀ ਜ਼ਹਿਰੀਲੇ ਸੱਪ ਦੇ ਡੰਗ ਨਾਲ ਮੌਤ ਹੋ ਗਈ ਸੀ। ਉਸ ਦੇ ਬਾਅਦ ਉਸ ਦੇ ਫੁੱਲ ਚੁਗਣ ਸਮੇਂ ਪੁੱਤਰ ਦੇ ਗਮ ਵਿੱਚ ਪਿਤਾ ਦੀ ਵੀ ਮੌਤ ਹੋ ਗਈ ਅਤੇ ਪਰਵਾਰ ਦੇ ਦੁੱਖ ਵਿੱਚ ਹੋਰ ਵੀ ਵਾਧਾ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਪਿੰਡ ਬੁਰਜ ਗਿੱਲ ਦਾ ਨੌਜਵਾਨ ਵਰਿੰਦਰ ਸਿੰਘ (20) ਪੁੱਤਰ ਜਗਪਾਲ ਸਿੰਘ ਪਰਸੋਂ ਕਿਸੇ ਕਿਸਾਨ ਦੇ ਖੇਤ ਵਿੱਚੋਂ ਜ਼ੀਰੀ ਦੀ ਪਰਾਲੀ ਪੁੱਟ ਕੇ ਆ ਰਿਹਾ ਸੀ ਤਾਂ ਰਸਤੇ ਵਿੱਚ ਸੱਪ ਦੇ ਡੰਗਣ ਨਾਲ ਬੇਹੋਸ਼ ਹੋ ਗਿਆ। ਉਸ ਨੂੰ ਪਰਵਾਰ ਨੇ ਸਿਵਲ ਹਸਪਤਾਲ ਰਾਮਪੁਰਾ ਲਿਆਂਦਾ ਸੀ। ਮ੍ਰਿਤਕ ਨੌਜਵਾਨ ਦੀ ਮਾਤਾ ਨੇ ਹਸਪਤਾਲ ਦੇ ਡਾਕਟਰਾਂ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਇਸ ਇਲਾਜ ਲਈ ਦਵਾਈ ਨਾ ਹੋਣ ਦੀ ਗੱਲ ਕਹੀ



*** ਪੁੱਤ ਦੀ ਮੌਤ ਦੇ ਦੁੱਖ ਕਾਰਨ ਪਿਓ ਦੀ ਵੀ ਮੌਤ**

ਸੀ। ਫਿਰ ਪਰਵਾਰ ਨੇ ਨੌਜਵਾਨ ਨੂੰ ਕਿਸੇ ਨਿੱਜੀ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਪਰ ਉਥੇ ਵੀ ਸਹੀ ਇਲਾਜ ਨਾ ਮਿਲਣ ਉਤੇਉਸ ਨੂੰ ਭੁੱਚੋ ਦੇ ਆਦੇਸ਼ ਹਸਪਤਾਲ ਵਿੱਚ ਲਿਜਾਂਦੇ ਸਮੇਂ ਉਸਦੀ ਮੌਤ ਹੋ ਗਈ। ਕੱਲ੍ਹ ਉਸ ਨੌਜਵਾਨ ਦੇ ਫੁੱਲ ਚੁਗਣ ਵੇਲੇ ਲੜਕੇ ਦਾ ਪਿਤਾ ਜਗਪਾਲ ਸਿੰਘ ਪਾਲੀ (45 ਸਾਲ) ਵੀ ਨੌਜਵਾਨ ਪੁੱਤਰ ਦਾ ਦੁੱਖ ਨਾ ਸਹਾਰਦੇ ਹੋਏ ਦਮ ਤੋੜ ਗਿਆ। ਮ੍ਰਿਤਕ ਦੇ ਪਿਤਾ ਜਗਪਾਲ ਸਿੰਘ ਦਾ ਵੀ ਉਸੇ ਥਾਂ ਉੱਤੇ ਅੰਤਿਮ ਸੰਸਕਾਰ ਕੀਤਾ ਗਿਆ।ਐਸ ਐਮ ਓ ਰਾਮਪੁਰਾ ਅੰਜੂ ਕਾਂਸਲ ਨੇ ਕਿਹਾ ਕਿ ਨੌਜਵਾਨ ਸਿਵਲ ਹਸਪਤਾਲ ਰਾਮਪੁਰਾ ਵਿਖੇ ਇਲਾਜ ਲਈ ਆਇਆ ਸੀ ਅਤੇ ਉਸ ਨੂੰ ਸੱਪ ਕੱਟੇ ਜਾਣ ਦੀ ਐਂਟੀ ਵੈਨਮ ਦਵਾਈ ਵੀ ਦਿੱਤੀ ਸੀ ਪਰ ਫਿਰ ਵੀ ਲੜਕੇ ਦਾ ਪਰਵਾਰ ਇਲਾਜ ਤੋਂ ਸੰਤੁਸ਼ਟ ਨਹੀਂ ਹੋਇਆ ਤਾਂ ਉਸ ਨੂੰ ਬਠਿੰਡਾ ਵਿਖੇ ਰੈਫਰ ਕਰ ਦਿੱਤਾ ਸੀ।

## ਬਟਾਲਾ ਦੇ ਵਿਧਾਇਕ ਦਾ ਪੀ ਏ ਅਤੇ ਚਚੇਰੇ ਭਰਾ ਸਮੇਤ ਤਿੰਨ ਜਣੇ ਹਾਦਸੇ ਵਿੱਚ ਹਲਾਕ

ਬਟਾਲਾ, 11 ਜੁਲਾਈ (ਪੋਸਟ ਬਿਊਰੋ)- ਸਥਾਨਕ ਜਲੰਧਰ-ਅੰਮ੍ਰਿਤਸਰ ਬਾਈਪਾਸ ਉੱਤੇ ਦੇਰ ਰਾਤ ਹੋਏ ਹਾਦਸੇ ਵਿੱਚ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕਾਂ ਵਿੱਚ ਬਟਾਲੇ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦਾ ਪੀ ਏ ਅਤੇ ਚਚੇਰਾ ਭਰਾ ਸ਼ਾਮਲ ਤੇ ਵਿਧਾਇਕ ਦਾ ਭਰਾ ਜ਼ਖਮੀ ਹੋਇਆ ਹੈ। ਮ੍ਰਿਤਕਾਂ ਦੀ ਪਛਾਣ ਉਪਦੇਸ਼ ਕੁਮਾਰ (ਪੀ ਏ) ਪੁੱਤਰ ਅਸ਼ੋਕ ਕੁਮਾਰ ਵਾਸੀ ਡੌਲਾ ਨੰਗਲ, ਗੁਰਲੀਨ ਸਿੰਘ ਪੁੱਤਰ ਬੇਅੰਤ ਸਿੰਘ ਵਾਸੀ ਦਿੱਲੀ ਅਤੇ ਸੁਨੀਲ ਕੁਮਾਰ ਸੋਢੀ ਵਾਸੀ ਡੌਲਾ ਨੰਗਲ ਵਜੋਂ ਹੋਈ ਹੈ। ਵਿਧਾਇਕ ਦਾ ਭਰਾ ਅੰਮ੍ਰਿਤਪਾਲ ਸਿੰਘ ਕਲਸੀ ਅਤੇ ਮਾਣਿਕ ਮਹਿਤਾ ਵਾਸੀ ਰਾਧਾ ਕ੍ਰਿਸ਼ਨ ਕਾਲੋਨੀ ਗੰਭੀਰ ਜ਼ਖਮੀ ਹਨ, ਜਿਨ੍ਹਾਂ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇੱਕ ਨਿੱਜੀ



ਹਸਪਤਾਲ ਦਾਖਲ ਕਰਵਾਇਆ ਹੈ। ਮ੍ਰਿਤਕਾਂ ਦੀ ਉਮਰ 25-30 ਸਾਲ ਦੱਸੀ ਜਾ ਰਹੀ ਹੈ। ਹਾਦਸੇ ਦਾ ਕਾਰਨ ਕਾਰ ਦਾ ਅਗਲਾ ਟਾਇਰ ਫਟਣ ਪਿੱਛੋਂ ਕਾਰ ਦਾ ਪੁਲ ਦੀ ਰੇਲਿੰਗ ਨਾਲ ਵੱਜਣਾ ਦੱਸਿਆ ਜਾ ਰਿਹਾ ਹੈ।

ਡੀ ਐਸ ਪੀ ਸਿਟੀ ਲਲਿਤ ਕੁਮਾਰ ਨੇ ਦੱਸਿਆ ਕਿ ਆਈ-20 ਕਾਰ ਵਿੱਚ ਸਵਾਰ ਇਹ ਸਾਰੇ ਨੌਜਵਾਨ ਦੇਰ ਰਾਤ ਕਿਸੇ ਪਾਰਟੀ ਤੋਂ ਮੁੜ ਰਹੇ ਸਨ। ਜਦੋਂ ਉਹ ਜਲੰਧਰ-ਅੰਮ੍ਰਿਤਸਰ ਬਾਈਪਾਸ ਉੱਤੇ ਬਣੇ ਡਰੇਨ ਦੇ ਪੁਲ ਨੇੜੇ ਪਹੁੰਚੇ ਤਾਂ ਅਚਾਨਕ ਅਗਲਾ ਟਾਇਰ ਫਟਣ ਨਾਲ ਕਾਰ ਦਾ ਸੰਤੁਲਨ ਵਿਗੜ ਗਿਆ ਅਤੇ ਕਾਰ ਪੁਲ ਦੀ ਰੇਲਿੰਗ ਨਾਲ ਜਾ ਟਕਰਾਈ, ਜਿਸ ਕਾਰਨ ਤਿੰਨ ਵਿਅਕਤੀਆਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

## ਨੌਜਵਾਨ ਵੱਲੋਂ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ

ਮਜੀਠਾ, 11 ਜੁਲਾਈ (ਪੋਸਟ ਬਿਊਰੋ)- ਪਿੰਡ ਨੰਗਲ ਪੰਨਵਾ ਦੇ ਇੱਕ ਨੌਜਵਾਨ ਵੱਲੋਂ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲੈਣ ਦਾ ਸਮਾਚਾਰ ਹੈ, ਜਿਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਮ੍ਰਿਤਕ ਦੇ ਪਿਤਾ ਸੋਹਣ ਲਾਲ ਨੇ ਥਾਣਾ ਮਜੀਠਾ ਵਿੱਚ ਲਿਖਤੀ ਸ਼ਿਕਾਇਤ ਦੇ ਕੇ ਦੱਸਿਆ ਕਿ ਪਿੰਡ ਨਾਗ ਖੁਰਦ ਦੇ ਵਸਨੀਕ ਮਨਦੀਪ ਸਿੰਘ ਪੁੱਤਰ ਦਲਬੀਰਸਿੰਘ ਨੇ ਉਸ ਦੇ ਪੁੱਤਰ ਰਾਘਵ ਸ਼ਰਮਾ ਨੂੰ ਸਰਕਾਰੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਉਸ ਤੋਂ ਡੇਢ ਲੱਖ ਰੁਪਏ ਠੱਗ ਲਏ ਸਨ, ਜਿਸ ਤੋਂ ਪਰੇਸ਼ਾਨ ਹੋ ਕੇ ਰਾਘਵ ਸ਼ਰਮਾ ਨੇ ਕੱਲ੍ਹ ਰਾਤ ਕੋਈ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ। ਮਜੀਠਾ ਪੁਲਸ



ਨੇ ਮ੍ਰਿਤਕ ਦੇ ਪਿਤਾ ਸੋਹਣ ਲਾਲ ਦੇ ਬਿਆਨਾਂ ਉੱਤੇ ਮਨਦੀਪ ਸਿੰਘ ਦੇ ਖਿਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕੀਤੀ ਹੈ। ਮ੍ਰਿਤਕ ਦੇ ਪਿਤਾ ਸੋਹਣ ਲਾਲ ਅਤੇ ਉਸ ਦੇ ਪਰਵਾਰਕ ਮੈਂਬਰਾਂ ਵੱਲੋਂ ਥਾਣਾ ਮਜੀਠਾ ਅੱਗੇ ਧਰਨਾ ਦੇ ਕੇ ਆਵਾਜਾਈ ਵੀ ਠੱਪ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਮ੍ਰਿਤਕ ਰਾਘਵ ਸ਼ਰਮਾ ਅਤੇ ਉਸ ਦੇ ਚਾਚੇ ਦਾ ਲੜਕਾ ਆਕਾਸ਼ ਚੰਦਰ ਆਪਣੇ ਨਾਲ ਵੱਜੀ ਠੱਗੀ ਬਾਰੇ ਮਨਦੀਪ ਸਿੰਘ ਖਿਲਾਫ ਮਜੀਠਾ ਥਾਣੇ ਵਿੱਚ ਸ਼ਿਕਾਇਤ ਦਰਜ ਕਰਾਉਣਪਹਿਲੀ ਜੁਲਾਈ ਨੂੰ ਗਏ ਤਾਂ ਉਥੇ ਮੁੱਖ ਮੁਨਸ਼ੀ ਜਗਰੂਪ ਸਿੰਘ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ, ਸਗੋਂ ਦੁਰ-ਵਿਹਾਰ ਕੀਤਾ ਸੀ। ਉਨ੍ਹਾਂ ਮੰਗ ਕੀਤੀ ਕਿ ਮੁਨਸ਼ੀ ਜਗਰੂਪ ਸਿੰਘ ਖਿਲਾਫ ਕਾਰਵਾਈ ਕੀਤੀ ਜਾਵੇ।ਡੀ ਐਸ ਪੀ ਮਜੀਠਾ ਮਨਮੋਹਣ ਸਿੰਘ ਔਲਖ ਨੇ ਓਥੇ ਪਹੁੰਚ ਕੇ ਧਰਨਾਕਾਰੀਆਂ ਦੀ ਮੰਗ ਉੱਤੇ ਮੁਨਸ਼ੀ ਜਗਰੂਪ ਸਿੰਘ ਨੂੰ ਪੁਲਸ ਲਾਈਨ ਲਈ ਰਵਾਨਾ ਕਰ ਕੇ ਉਸ ਖਿਲਾਫ ਕਾਰਵਾਈ ਲਈ ਉਚ ਅਧਿਕਾਰੀਆਂ ਨੂੰ ਲਿਖਤੀ ਭੇਜਣ ਦਾ ਭਰੋਸਾ ਦੇ ਕੇ ਧਰਨਾਕਾਰੀਆਂ ਨੂੰ ਸ਼ਾਂਤ ਕੀਤਾ ਅਤੇ ਮੁੜ ਤੋਂ ਆਵਾਜਾਈ ਬਹਾਲ ਕਰਵਾਈ।

## ਮੁਹੱਲਾ ਕਲੀਨਿਕ ਵਿੱਚ ਸਟਾਫ ਭਰਤੀ ਦੇ ਲਈ ਪੰਜਾਬ ਸਰਕਾਰ ਵੱਲੋਂ ਨਿਯਮ ਤਿਆਰ

ਚੰਡੀਗੜ੍ਹ, 11 ਜੁਲਾਈ (ਪੋਸਟ ਬਿਊਰੋ)- ਪੰਜਾਬ ਦੀ ਆਮ ਆਦਮੀ ਸਰਕਾਰ ਨੇ ਹਰ ਘਰੇਲੂ ਖਪਤਕਾਰ ਨੂੰ 300 ਯੂਨਿਟ ਬਿਜਲੀ ਪ੍ਰਤੀ ਮਹੀਨਾਮੁਫਤ ਦੇਣ ਦੀ ਗਾਰੰਟੀ ਨੂੰ ਪੂਰਾ ਕਰਨ ਦੇ ਦਾਅਵੇ ਦੇ ਬਾਅਦ ਰਾਜ ਵਿੱਚ ਸਿਹਤ ਸੇਵਾਵਿੱਚ ਸੁਧਾਰ ਦੇ ਲਈ ਮੁਹੱਲਾ ਕਲੀਨਿਕ ਦੀ ਅਗਲੀ ਗਾਰੰਟੀ ਪੂਰੀ ਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। ਇਸ ਯੋਜਨਾ ਦੀ ਗਾਰੰਟੀ ਲਈ ਡਾਕਟਰਾਂ ਅਤੇ ਸਟਾਫ ਦੀ ਭਰਤੀ ਲਈ ਨਿਯਮਾਂ ਹੇਠ ਇਸਦੀ ਸਫਲਤਾ ਅਤੇ ਗੁਣਵਤਾ ਉੱਤੇ ਸ਼ੰਕਾ ਕੀਤੀ ਜਾ ਰਹੀ ਹੈ, ਪਰ ਸਰਕਾਰ ਨੇ ਨਿਯਮ ਬਣਾਉਣੇ ਸ਼ੁਰੂ ਕਰ ਦਿੱਤੇ ਹਨ।

ਪਤਾ ਲੱਗਾ ਹੈ ਕਿ ਇਸ ਯੋਜਨਾ ਤਹਿਤ ਨਿਯੁਕਤ ਕੀਤੇ ਡਾਕਟਰਾਂ

*** ਜਿੰਨੇ ਮਰੀਜ਼ ਦੇਖੇ ਜਾਣਗੇ, ਉਸ ਦੇ ਆਧਾਰ ਉੱਤੇ ਤਨਖ਼ਾਹ ਮਿਲੇਗੀ**

ਸਮੇਤ ਕਿਸੇ ਪੈਰਾਮੈਡੀਕਲ ਸਟਾਫ਼ ਨੂੰ ਕੋਈ ਪੱਕੀ ਤਨਖ਼ਾਹ ਜਾ ਭੱਤਾ ਨਹੀਂ ਮਿਲੇਗਾ, ਸਗੋਂ ਕਲੀਨਿਕਾਂ ਵਿੱਚ ਇਲਾਜ ਲਈ ਪਹੁੰਚਦੇ ਮਰੀਜ਼ਾਂ ਦੀ ਗਿਣਤੀ ਮੁਤਾਬਕ ਇਨ੍ਹਾਂ ਦੀ ਤਨਖ਼ਾਹ ਅਗਲੇ ਮਹੀਨੇ ਦੀ 10 ਤਾਰੀਕ ਤਕ ਦਿੱਤੀ ਜਾਵੇਗੀ। ਮਰੀਜ਼ਾਂ ਦੀ ਘੱਟੋ ਘੱਟਗਿਣਤੀ 50 ਦੇ ਆਧਾਰ ਉੱਤੇ ਤਨਖ਼ਾਹ ਤੈਅ ਹੋਵੇਗੀ, ਜਿਸ ਦਾ ਅਰਥ ਹੈ ਕਿ ਜੇ ਮਰੀਜ਼ 50 ਤੋਂ ਘੱਟ ਆਏ ਤਾਂ ਉਦੋਂ ਵੀ 50 ਮਰੀਜ਼ਾਂ ਦੇ ਆਧਾਰ ਉੱਤੇ ਤਨਖ਼ਾਹ ਯਕੀਨੀ ਕੀਤੀ ਜਾਵੇਗੀ। ਇਸ ਯੋਜਨਾ ਹੇਠ



ਕੰਮ ਕਰਦੇ ਡਾਕਟਰਾਂ ਨੂੰ 50 ਤੋਂ ਘੱਟ ਦੀ ਜਾਂਚ ਕਰਨ ਲਈ ਵੀ 50 ਮਰੀਜ਼ਾਂ ਦੇ ਹਿਸਾਬ 50 ਰੁਪਏ ਪ੍ਰਤੀ ਮਰੀਜ਼, ਯਾਨੀ ਰੋਜ਼ਾਨਾ ਘੱਟੋ-ਘੱਟ 2500 ਰੁਪਏ ਮਿਹਨਤਾਨਾ ਮਿਲੇਗਾ, ਪਰ ਇਸ ਤੋਂ ਵੱਧ ਦੀ ਜਾਂਚ ਉੱਤੇਹਰ ਮਰੀਜ਼ ਪਿੱਛੇ 50 ਰੁਪਏ ਦੇ ਹਿਸਾਬ ਮਿਲਣਗੇ। ਫਾਮਰਸਿਸਟਾਂ ਲਈ ਇਹ ਦਰ 12 ਰੁਪਏ ਪ੍ਰਤੀ ਮਰੀਜ਼ ਅਤੇ ਕਲੀਨਿਕ ਅਸਿਸਟੈਂਟ ਲਈ 11 ਰੁਪਏ ਪ੍ਰਤੀ ਮਰੀਜ਼ ਹੋਵੇਗੀ।

ਮਿਲੀ ਜਾਣਕਾਰੀ ਅਨੁਸਾਰ ਹਰ ਮੁੱਹਲਾ ਕਲੀਨਿਕਜਾਂ ਵੈਲਨੈਸ ਸੈਂਟਰ ਜਾ ਹੈਲਥ ਕਲੀਨਿਕ ਦੀ ਸੰਭਾਲ ਅਤੇ ਬੇਹਤਰ ਸੇਵਾਵਾਂ ਦੀ ਜ਼ਿੰਮੇਵਾਰੀ ਯੋਜਨਾ ਹੇਠ ਆਏ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਹੋਵੇਗੀ। ਐਸ ਐਮ ਓ ਪੱਧਰ ਦਾ ਅਧਿਕਾਰੀ ਪੂਰੇ ਸਿਸਟਮਨੂੰ ਠੀਕ ਚਲਾਉਣ ਲਈ ਜ਼ਿੰਮੇਵਾਰ ਹੋਵੇਗਾ।ਡਾਕਟਰ ਗਰਮੀਆਂ ਵਿੱਚ ਸਵੇਰੇ 8 ਤੋਂ ਦੁਪਹਿਰ ਬਾਅਦ ਦੋ ਵਜੇ ਤਕ ਅਤੇ ਸਰਦੀਆਂ ਵਿੱਚ ਸਵੇਰ 9 ਤੋਂ ਦੁਪਹਿਰ ਬਾਅਦ 3 ਵਜੇ ਤਕ ਸੇਵਾਵਾਂ ਦੇਣ ਦੇ ਲਈ ਓਥੇ ਮੌਜੂਦ ਹੋਣਗੇ। ਉਸ ਡਿਊਟੀ ਸਮੇਂ ਦੇ ਬਾਅਦ ਜਾਂ ਪਹਿਲਾਂ ਉਹ ਆਪਣੀ ਨਿੱਜੀ ਪ੍ਰੈਕਿਟਸ ਕਰ ਸਕਣਗੇ ਪਰ ਉਹ ਮਰੀਜ਼ ਨੂੰ ਕਿਸੇ ਅਜਿਹੇ ਹਸਪਤਾਲ ਵਿੱਚ ਰੈਫਰ ਨਹੀਂ ਕਰ ਸਕਣਗੇ, ਜਿੱਥੇ ਮਰੀਜ਼ ਨੂੰ ਜੇਬ ਤੋਂ ਇਲਾਜ ਖਰਚ ਭਰਨਾ ਪਵੇ, ਡਾਕਟਰ ਸਿਰਫ਼ ਸਰਕਾਰੀ ਹਸਪਤਾਲ ਜਾ ਪਾਲੀਕਲੀਨਿਕ ਵਿੱਚ ਇਲਾਜ ਦੇ ਲਈ ਰੈਫਰ ਕਰ ਸਕਦਾ ਹੈ।







# ਦੱਖਣੀ ਅਫ਼ਰੀਕਾ ਦੇ ਬਾਰ ਵਿੱਚ ਗੋਲੀਬਾਰੀ ਨਾਲ 15 ਮੌਤਾਂ





ਜੋਹਨਸਬਰਗ, 11 ਜੁਲਾਈ (ਪੋਸਟ ਬਿਊਰੋ)- ਪੁਲਸ ਨੇ ਕਿਹਾ ਕਿ ਜੋਹਨਸਬਰਗ ਦੇ ਸੋਵੇਟੋ ਟਾਊਨਸ਼ਿਪ ਦੇ ਇੱਕ ਬਾਰ ਵਿੱਚ ਗੋਲੀਬਾਰੀ ਦੌਰਾਨ 15 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਲੋਕ ਗੰਭੀਰ ਜਖ਼ਮੀ ਹਨ।

ਇਸ ਬਾਰੇ ਪੁਲਸ ਨੇ ਕਿਹਾ ਕਿ ਉਹ ਰਿਪੋਰਟਾਂ ਦੀ ਜਾਂਚ ਕਰ ਰਹੇ ਹਨ, ਜਿਨ੍ਹਾਂ ਵਿੱਚ ਮਿੰਨੀ ਬੱਸ ਟੈਕਸੀ ਵਿੱਚ ਕੁਝ ਲੋਕਾਂ ਦਾ ਗਰੁੱਪ ਇੱਥੇ ਕੱਲ੍ਹ ਅੱਧੀ ਰਾਤ ਪਿੱਛੋਂ ਪੁੱਜਾ ਅਤੇ ਇਨ੍ਹਾਂ ਵਿੱਚੋਂ ਕੁਝ ਨੇ ਬਾਰ ਵਿੱਚ ਲੋਕਾਂ ਉੱਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਘਟਨਾਦੇ ਜ਼ਖ਼ਮੀਆਂ ਨੂੰ ਕ੍ਰਿਸ ਹਨੀ ਬਰਾਗਵਾਨਾਥ ਹਸਪਤਾਲ ਵਿੱਚ ਇਲਾਜ ਲਈ ਲਿਜਾਇਆ ਗਿਆ ਹੈ। ਗੌਂਟੇਂਗ ਸੂਬੇ ਦੇ ਪੁਲਸ ਕਮਿਸ਼ਨਰ ਲੈਫਟੀਨੈਂਟ ਜਨਰਲ ਇਲਾਸ ਮੇਵਾਲਾ ਨੇ ਕਿਹਾ ਕਿ ਘਟਨਾ ਸਥਾਨ ਤੋਂ ਮਿਲੀਆਂ ਗੋਲੀਆਂ ਤੋਂ ਪਤਾ ਲੱਗਦਾ ਹੈ ਕਿ ਕੁਝ ਲੋਕਾਂ ਦੇ ਗਰੁੱਪ ਗੋਲੀਆਂ ਚਲਾਈਆਂ। ਮੇਵਾਲਾ ਨੇ ਦੱਸਿਆ ਕਿ ਮੁੱਢਲੀ ਜਾਂਚਤੋਂ ਪਤਾ ਲੱਗਾ ਹੈ ਕਿ ਲੋਕ ਇਸ ਲਾਇਸੰਸ ਸ਼ੁਦਾ ਬਾਰ ਵਿੱਚ ਕੁਝ ਘੰਟਿਆਂ ਤੋਂ ਮਸਤੀ ਕਰ ਰਹੇ ਸਨ। ਅਚਾਨਕ ਉਨ੍ਹਾਂ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ ਅਤੇ ਤਾਂ ਬਾਰ ਵਿੱਚੋਂ ਬਾਹਰ ਭੱਜਣ ਦੀ ਕੋਸ਼ਿਸ਼ ਕਰਨ ਲੱਗੇ। ਉਨ੍ਹਾਂ ਕਿਹਾ ਕਿ ਸਾਡੇ ਕੋਲ ਘਟਨਾ ਦਾ ਪੂਰਾ ਵੇਰਵਾ ਨਹੀਂ ਕਿ ਇਸ ਦਾ ਮੰਤਵ ਕੀ ਸੀ ਤੇ ਹਮਲਾਵਰ ਲੋਕਾਂ ਨੂੰ ਨਿਸ਼ਾਨਾ ਕਿਉਂ ਬਣਾਉਣਾ ਚਾਹੁੰਦੇ ਸਨ। ਇਸ ਘਟਨਾ ਵਿੱਚ ਰਾਈਫਲ ਤੇ ਇੱਕ 9 ਐਮ ਐਮ ਦੇ ਪਿਸਤੌਲ ਦੀ ਵਰਤੋਂ ਕੀਤੀ ਗਈ।

# ਭਾਰਤ-ਬ੍ਰਿਟੇਨ ਐਫ ਟੀ ਏ ਲਈ ਦਿਵਾਲੀ ਦੀ ਸਮਾਂ ਤੈਅ ਨਹੀਂ



ਲੰਡਨ, 11 ਜੁਲਾਈ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਅਸਤੀਫੇ ਦੇ ਬਾਵਜੂਦ ਭਾਰਤ-ਬ੍ਰਿਟੇਨ ਵਿੱਚ ਦੀਵਾਲੀ ਤਕ ਮੁਕਤ ਵਪਾਰ ਸਮਝੌਤਾ (ਐਫ ਟੀ ਏ) ਹੋਣ ਦੀ ਉਮੀਦ ਹੈ, ਪਰ ਇਹ ਤੈਅ ਨਹੀਂ ਹੈ। ਇੱਕ ਹਫਤਾ ਚੱਲੀ ਰਾਜਨੀਤਕ ਭਾਜੜ ਦਾ ਅੰਤ ਜਾਨਸਨ ਦੇ ਅਸਤੀਫੇ ਦੇ ਐਲਾਨ ਨਾਲ ਹੋਣ ਕਾਰਨ ਇਹ ਚਰਚਾ ਛਿੜ ਜਾਣਾ ਲਾਜ਼ਮੀ ਹੈ ਕਿ ਦੋਵਾਂ ਦੇਸ਼ਾਂ ਦੇ ਸੰਬੰਧਾਂ ਦੇ ਲਈ ਇਸ ਘਟਨਾਕ੍ਰਮ ਦਾ ਕੀ ਅਰਥ ਹੈ।

ਕਨਫੈਡਰੇਸ਼ਨ ਆਫ ਬ੍ਰਿਟਿਸ਼ ਇੰਡਸਟਰੀ (ਸੀ ਬੀ ਆਈ) ਦੇ ਪ੍ਰੈਜ਼ੀਡੈਂਟ ਲਾਰਡ ਕਰਣ ਬਿਲੀਮੋਰੀਆ ਨੇ ਕਿਹਾ, ‘‘ਭਾਰਤ ਨੇ ਨੱਬੇ ਦਿਨ ਤੋਂ ਵੀ ਘੱਟ ਸਮੇਂ ਵਿੱਚ ਯੂ ਏ ਈ ਅਤੇ ਆਸਟਰੇਲੀਆ ਦੇ ਨਾਲ ਕੁਝ ਬਹੁਤ ਤੇਜ਼ ਸਮਝੌਤੇ ਕੀਤੇ ਹਨ। ਇਹ ਸਮਝੌਤੇ ਬ੍ਰਿਟੇਨ-ਭਾਰਤ ਐਫ ਟੀ ਏ ਦੇ ਮੁਕਾਬਲੇ ਘੱਟ ਵਿਆਪਕ ਹਨ। ਬਿਲੀਮੋਰੀਆ ਵਪਾਰ ਵਾਰਤਾ ਉੱਤੇ ਉਦਯੋਗਾਂ ਦੇ ਵਿੱਚ ਸਹਿਯੋਗ ਵਧਾਉਣ ਦੇ ਲਈ ਬ੍ਰਿਟੇਨ-ਭਾਰਤ ਉਦਯੋਗ ਫੋਰਸ ਦੇ ਮੁਖੀ ਵੀ ਹਨ। ਉਨ੍ਹਾਂ ਕਿਹਾ, ‘‘ਮੇਰੇ ਕੋਲ ਇੱਕ ਹੋਰ ਸਮਝੌਤਾ ਹੋਵੇਗਾ, ਜਿਸ ਨੂੰ ਪੂਰਾ ਕਰਨ ਵਿੱਚ ਕੁਝ ਸਮਾਂ ਲੱਗੇਗਾ, ਪਰ ਇੱਕ ਸਮਾਂ ਸੀਮਾ ਹੋਣਾ ਚੰਗਾ ਹੈ। ਦਿਵਾਲੀ ਦਾ ਟੀਚਾ ਵੀ ਠੀਕ ਹੈ, ਪ੍ਰੰਤੂ ਇਹ ਅਕਤੂਬਰ ਦੇ ਅਖੀਰ ਤਕ ਨਹੀਂ ਹੋ ਸਕੇਗਾ। ਮੇਰਾ ਟੀਚਾ ਇਸ ਸਾਲ ਦੇ ਅਖੀਰ ਯਾਨੀ ਦਸੰਬਰ ਹੈ।'' ਲੰਡਨ ਦੀ ਖੋਜ ਸੰਸਥਾ ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟਰੈਟੇਜਿਕ ਸਟੱਡੀਜ਼ ਵਿੱਚ ਦੱਖਣੀ ਏਸ਼ੀਆ ਦੇ ਸੀਨੀਅਰ ਫੈਲੋ ਰਾਹੁਲ ਰਾਏ ਚੌਧਰੀ ਨੇ ਕਿਹਾ, ‘‘ਬੋਰਿਸ ਜਾਨਸਨ ਦੇ ਰਾਜ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਬੰਧਾਂ ਨੂੰ ਅੱਗੇ ਵਧਾਉਣ ਦੀ ਬੇਮਿਸਾਲ ਰਾਜਨੀਤਕ ਵਚਨਬੱਧਤਾ ਦਿਖਾਈ ਹੈ।''

## ਮੈਕਸ ਦੀ ਫਰਮ ਅੰਤਰਾ ਦੇ ਸਰਵੇ ਵਿੱਚ ਖੁਲਾਸਾ:

# ਕੋਰੋਨਾ ਦੇ ਦੌਰ ਵਿੱਚ 70 ਫੀਸਦੀ ਬਜ਼ੁਰਗਾਂ ਨੂੰ ਲੋੜੀਂਦੀ ਸਿਹਤ ਸੇਵਾ ਨਹੀਂ ਮਿਲੀ



ਨਵੀਂ ਦਿੱਲੀ, 11 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਮਹਾਮਾਰੀ ਦੌਰਾਨ ਲਗਭਗ 70 ਫੀਸਦੀ ਸੀਨੀਅਰ ਸਿਟੀਜਨਾਂ ਨੂੰ ਲੋੜੀਂਦੀਆਂ ਸਿਹਤ ਸਹੂਲਤਾਂ ਨਹੀਂ ਮਿਲੀਆਂ। ਇਸ ਦੌਰਾਨ 57 ਫੀਸਦੀ ਨੂੰ ਮਾਨਸਿਕ ਸਿਹਤ ਸਮੱਸਿਆਵਾਂ ਵੀ ਝੱਲਣੀਆਂ ਪਈਆਂ। 53 ਫੀਸਦੀ ਲੋਕਾਂ ਨੇ ਕਿਹਾ ਕਿ ਬਿਮਾਰੀ ਬਾਰੇ ਉਨ੍ਹਾਂ ਦੀ ਮੁੱਖ ਚਿੰਤਾ ਵਿੱਚ ਕੋਰੋਨਾ ਮਹਾਮਾਰੀ ਵੀ ਸੀ। ਮੈਕਸ ਗਰੁੱਪ ਦੀ ਫਰਮ ਅੰਤਰਾ ਦੇ ਸਰਵੇ ਵਿੱਚ ਇਹ ਗੱਲ ਸਾਹਮਣੇ ਆਈ ਹੈ।

ਸ਼ਹਿਰੀ ਖੇਤਰਾਂ ਉੱਤੇ ਆਧਾਰਤ ਸਰਵੇ ਵਿੱਚ ਕੰਪਨੀ ਨੇ 60 ਸਾਲ ਤੇ ਉਸ ਤੋਂ ਵੱਧ ਉਮਰ ਦੇ 2100 ਲੋਕਾਂ ਦੀ ਰਾਏ ਪੁੱਛੀ ਹੈ।ਇਹ ਸਰਵੇ ਮਾਰਚ ਤੋਂ ਮਈ ਦੌਰਾਨ ਕੀਤਾ ਗਿਆ, ਜਿਸ ਵਿੱਚ ਲਗਭਗ 72 ਫੀਸਦੀ ਨੇ ਕਿਹਾ ਕਿ ਉਨ੍ਹਾਂ ਨੇ ਮਹਾਮਾਰੀ ਤੋਂ ਬਚਣ ਲਈ ਆਪਣਾ ਖਿਆਲ ਖੁਦ ਰੱਖਣ ਅਤੇ ਸੰਤੁਲਤ ਭੋਜਨ ਲੈਣ ਦਾ ਬਦਲ ਚੁਣਿ-ਆ। 55 ਫੀਸਦੀ ਨੇ ਪੇਸ਼ੇਵਰ ਮੈਡੀਕਲ ਸਹਾਇਤਾ ਦੀ ਥਾਂ ਘਰੇਲੂ ਇਲਾਜ ਉੱਤੇ ਭਰੋਸਾ ਕੀਤਾ।ਕੋਵਿਡ-19 ਬਾਰੇ ਸਰਕਾਰੀ ਤਿਆਰੀਆਂਬਾਰੇ 59 ਫੀਸਦੀ ਨੇ ਕਿਹਾ ਕਿ ਕੁਝ ਪੱਖਾਂ ਨੂੰ ਸਰਕਾਰ ਚੰਗੀ ਤਰ੍ਹਾਂ ਮੈਨੇਜ ਕਰਨ ਵਿੱਚ ਸਫਲ ਰਹੀ। 2020 ਦੇ ਸਰਵੇ ਵਿੱਚ ਇਹ ਰਾਏ ਦੱਸਣ ਵਾਲਿਆਂ ਦੀ ਗਿਣਤੀ ਸਿਰਫ 23 ਫੀਸਦੀ ਸੀ। ਕਰੀਬ 33 ਫੀਸਦੀ ਲੋਕਾਂ ਨੇ ਕਿਹਾ, ਸਰਕਾਰ ਨੇ ਜੋ ਆਮ ਲੋਕਾਂ ਨੂੰ ਚੌਕਸੀ ਵਰਤਣ ਦੇ ਉਪਾਅ ਦੱਸੇ ਸਨ, ਉਹ ਬੇਲੋੜੇ ਸਨ। ਇਹ ਕਹਿਣ ਵਾਲਿਆਂ ਦੀ ਗਿਣਤੀ ਪਿਛਲੇ 2020 ਦੇ ਸਰਵੇ ਵਿੱਚ 77 ਫੀਸਦੀ ਸੀ। ਸਿਰਫ ਅੱਠ ਫੀਸਦੀ ਨੇ ਕਿਹਾ ਕਿ ਬਹੁਤੀਆਂ ਚੁਣੌਤੀਆਂ ਮੈਨੇਜ ਕਰਨ ਵਿੱਚ ਸਰਕਾਰ ਨਾਕਾਮ ਰਹੀ ਹੈ। ਸਰਵੇ ਦੇ ਨਤੀਜਿਆਂ ਉੱਤੇ ਅੰਤਰਾ ਦੇ ਐਮ ਡੀ ਰਜਿਤ ਮਹਿਤਾ ਨੇ ਕਿਹਾ, ਇਹ ਸਰਵੇ ਸਾਡੇ ਬਜ਼ੁਰਗਾਂ ਦੀਆਂ ਜ਼ਰੂਰਤਾਂ ਅਤੇ ਮੰਗਾਂ ਦਾ ਮੁਲਾਂਕਣ ਕਰਨ ਵਿੱਚ ਮਦਦ ਕਰੇਗਾਅਤੇ ਉਨ੍ਹਾਂ ਦੀ ਪਸੰਦ, ਚਿੰਤਾਵਾਂ ਅਤੇ ਇੱਛਾਵਾਂ ਵਿੱਚ ਵਿਕਾਸ ਜਾਨਣ ਵਿੱਚ ਮਦਦ ਕਰੇਗਾ। ਇਸ ਸਰਵੇ ਵਿੱਚ ਲੋਕਾਂ ਨੇ ਸੁਤੰਤਰ ਅਸਿਸਟਿਡ ਲਿਵਿੰਗ ਸਹੂਲਤ ਦਾ ਸਵਾਗਤ ਕੀਤਾ। 64 ਫੀਸਦੀ ਨੇ ਕਿਹਾ ਕਿ ਅਜਿਹੀ ਸਹੂਲਤ ਦਾ ਲਾਭ ਲੈਣਾ ਪਸੰਦ ਕਰਨਗੇ। 44 ਫੀਸਦੀ ਨੇ ਕਿਹਾ, ਇਸ ਨਾਲ ਉਨ੍ਹਾਂ ਨੂੰ ਆਪਣੇ ਵਰਗੀ ਰਾਏ ਰੱਖਣ ਵਾਲੇ ਲੋਕਾਂ ਦੇ ਨਾਲ ਰਹਿਣ ਦਾ ਮੌਕਾ ਮਿਲੇਗਾ।

# ਜੇਲ੍ਹ ਮੁਲਾਜ਼ਮਾਂ ਨੇ ਸੁਕੇਸ਼ ਤੋਂ ਦੋ ਸਾਲਾਂ ਵਿੱਚ 12.5 ਕਰੋੜ ਰੁਪਏ ਦੀ ਵਸੂਲੀ ਕੀਤੀ

## * ਤਿਹਾੜ ਵਿੱਚ ਮਹਾਂ-ਠੱਗ ਦੇ ਮਦਦਗਾਰ 81 ਮੁਲਾਜ਼ਮਾਂ ਉਤੇ ਮੁਕੱਦਮਾ



ਨਵੀਂ ਦਿੱਲੀ, 11 ਜੁਲਾਈ (ਪੋਸਟ ਬਿਊਰੋ)-ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਰਹੇ ਮਹਾਂ-ਠੱਗ ਸੁਕੇਸ਼ ਚੰਦਰਸ਼ੇਖਰ ਨੂੰ ਸਹੂਲਤ ਦੇਣ ਦੇ ਬਦਲੇ ਜੇਲ੍ਹ ਮੁਲਾਜ਼ਮਾਂ ਨੇ ਕਰੋੜਾਂ ਰੁਪਏ ਦੀ ਰਿਸ਼ਵਤ ਲਈ। ਇਸ ਬਾਰੇ ਦਿੱਲੀ ਪੁਲਸ ਦੇ ਆਰਥਿਕ ਅਪਰਾਧ ਸੈਲ (ਈ ਓ ਡਬਲਯੂ) ਨੇ ਇੱਕ ਬਾਕਾਇਦਾ ਮਾਮਲਾ ਦਰਜ ਕੀਤਾ ਹੈ।

ਤਿਹਾੜ ਜੇਲ੍ਹ ਪ੍ਰਸ਼ਾਸਨ ਨੇ ਕਿਹਾ ਹੈ ਕਿ ਈ ਓ ਡਬਲਯੂ ਦੀ ਜਾਂਚ ਰਿਪੋਰਟ ਆਉਣ ਦੇ ਬਾਅਦ ਇਨ੍ਹਾਂ ਮੁਲਾਜ਼ਮਾਂ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਏਗੀ।ਜੇਲ੍ਹ ਦੇ ਸੱਤ ਮੁਲਾਜ਼ਮਾਂ, ਜਿਨ੍ਹਾਂ ਵਿੱਚ ਸੁਪਰਡੈਂਟ, ਡਿਪਟੀ ਸੁਪਰਡੈਂਟ ਅਤੇ ਅਸਿਸਟੈਂਟ ਸੁਪਰਡੈਂਟ ਸ਼ਾਮਲ ਹਨ, ਦੇ ਗ੍ਰਿਫਤਾਰ ਹੋਣ ਅਤੇ ਇਨ੍ਹਾਂ ਤੋਂ ਪੁੱਛਗਿੱਛ ਕਰਨ ਪਿੱਛੋਂ ਈ ਓ ਡਬਲਯੂ ਵੱਲੋਂ 81 ਜਣਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਮੁਲਾਜ਼ਮਾਂ ਅਤੇ ਜੇਲ੍ਹ ਵਿੱਚ ਬੰਦ ਸੁਕੇਸ਼ ਦੇ ਬੈਰਕਤੋਂ ਦੋ ਮੋਬਾਈਲ ਫੋਨ ਵੀ ਮਿਲੇ ਸਨ। ਕਾਲ ਡਿਟੇਲਸ ਦੀ ਰਿਪੋਰਟ ਉੱਤੇ ਈ ਓ ਡਬਲਯੂ ਨੂੰ ਅਹਿਮ ਸਬੂਤ ਮਿਲਣ ਪਿੱਛੋਂ ਸਾਰਿਆਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਜਿਸ ਦੀ ਅਗਲੀ ਜਾਂਚ ਚੱਲ ਰਹੀ ਹੈ।

ਸੁਕੇਸ਼ ਚੰਦਰਸ਼ੇਖਰ ਕਰਨਾਟਕ ਦੇ ਬੰਗਲੌਰ ਦਾ ਵਸਨੀਕ ਹੈ। 17 ਸਾਲ ਦੀ ਉਮਰ ਤੋਂ ਉਸ ਨੇ ਲੋਕਾਂ ਨੂੰ ਠੱਗਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਚੇਨਈ ਤੇ ਦੂਸਰੇ ਸ਼ਹਿਰਾਂ ਵਿੱਚ ਵੀ ਲੋਕਾਂ ਨੂੰ ਨਿਸ਼ਾਨਾ ਬਣਾਇਆ। ਉਸ ਦੇ ਨਿਸ਼ਾਨੇ ਉੱਤੇ ਸਿਆਸਤਦਾਨ, ਬਿਜ਼ਨਸਮੈਨ ਤੋਂ ਲੈ ਕੇ ਬਾਲੀਵੁੱਡ ਹਸਤੀਆਂ ਤੱਕ ਸਨ ਤੇ ਉਸ ਨੇ ਜੇਲ੍ਹ ਵਿੱਚ ਰੈਨਬੈਕਸੀ ਦੇ ਸਾਬਕਾ ਪ੍ਰਮੋਟਰ ਸ਼ਿਵਿੰਦਰ ਮੋਹਨ ਦੀ ਪਤਨੀ ਤੋਂ 200 ਕਰੋੜ ਰੁਪਏ ਠੱਗੇ ਸਨ। ਉਸ ਨੇ ਇਹ ਠੱਗੀ ਜੇਲ੍ਹ ਵਿੱਚੋਂ ਕੀਤੀ ਸੀ।

ਰੋਹਿਣੀ ਜੇਲ੍ਹ ਵਿੱਚ ਬੰਦ ਸੁਕੇਸ਼ ਚੰਦਰਸ਼ੇਖਰ ਜੇਲ੍ਹ ਤੋਂ ਵੀ ਠੱਗੀ ਦਾ ਧੰਦਾ ਕਰ ਰਿਹਾ ਸੀ ਤੇ ਇਸ ਵਿੱਚ ਉਸ ਦੀ ਮਦਦ ਜੇਲ੍ਹ ਦੇ ਸੁਪਰਡੈਂਟ ਤੋਂ ਲੈ ਕੇ ਸਾਰੇ ਮੁਲਾਜ਼ਮ ਕਰਦੇ ਰਹੇ ਸਨ। ਜਾਣਬੁੱਝ ਕੇ ਸੀ ਸੀ ਟੀ ਵੀ ਕੈਮਰੇ ਉਸ ਤੋਂ ਦੂਰ ਕੀਤੇ ਗਏ ਸਨ ਜਾਂ ਕੈਮਰੇ ਨੂੰ ਅਲੱਗ-ਅਲੱਗ ਚੀਜ਼ਾਂ ਨਾਲ ਢੱਕ ਦਿੱਤਾ ਗਿਆ ਸੀ ਤਾਂ ਕਿ ਸੁਕੇਸ਼ ਆਸਾਨੀ ਨਾਲ ਆਪਣਾ ਠੱਗੀ ਦਾ ਧੰਦਾ ਚਲਾ ਸਕੇ। ਇਸ ਦੇ ਲਈ ਜੇਲ੍ਹ ਮੁਲਾਜ਼ਮਾਂ ਨੂੰ ਮਹੀਨਾਵਾਰ ਸੁਕੇਸ਼ ਵੱਲੋਂ ਡੇਢ ਕਰੋੜ ਰੁਪਏ ਦੀ ਰਕਮ ਦਿੱਤੀ ਜਾਂਦੀ ਸੀ। ਸੁਕੇਸ਼ ਨੇ ਦੱਸਿਆ ਕਿ ਪਿਛਲੇ ਦੋ ਸਾਲਾਂ ਵਿੱਚ ਜੇਲ੍ਹ ਮੁਲਾਜ਼ਮਾਂ ਨੇ ਉਸ ਕੋਲੋਂ 12.5 ਕਰੋੜ ਰੁਪਏ ਦੀ ਵਸੂਲੀ ਕੀਤੀ ਹੈ। ਸੁਕੇਸ਼ ਫਿਲਹਾਲ ਤਿਹਾੜ ਜੇਲ੍ਹ-3 ਵਿੱਚ ਬੰਦ ਹੈ।

# ਬੰਗਾਲ ’ਚ ਪੰਜਾਬੀ ਜੋੜੇ ਦੇ ਮ੍ਰਿਤਕ ਪੈਦਾ ਹੋਏ ਬੱਚੇ ਦਾ ਪੋਸਟਮਾਰਟਮ ਹੋਵੇਗਾ

ਕੋਲਕਾਤਾ, 11 ਜੁਲਾਈ (ਪੋਸਟ ਬਿਊਰੋ)- ਮ੍ਰਿਤਕ ਪੈਦਾ ਹੋਣ ਵਾਲੇ ਬੱਚਿਆਂ ਦੀ ਮੌਤ ਦੇ ਸਹੀ ਕਾਰਨਾਂ ਦਾ ਬਹੁਤਾ ਪਤਾ ਨਹੀਂ ਲੱਗਦਾ, ਜਿਸ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾ ਦਾ ਪੋਸਟਮਾਰਟਮ ਨਹੀਂ ਕੀਤਾ ਜਾਂਦਾ। ਬੰਗਾਲ ਵਿੱਚ ਪੰਜਾਬ ਦੇ ਰੂਪਨਗਰ ਦੇ ਜੋੜੇ ਦੇ ਮ੍ਰਿਤਕ ਪੈਦਾ ਹੋਏ ਬੱਚੇ ਦਾ ਪੋਸਟਮਾਰਟਮ ਹੋਣ ਜਾ ਰਿਹਾ ਹੈ। ਕੋਲਕਾਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਹਸਪਤਾਲ ਦੇ ਫੋਰੈਂਸਿਕ ਮੈਡੀਸਨਵਿਭਾਗ ਦੇ ਮੁਖੀ ਡਾਕਟਰ ਸੋਮਨਾਥ ਦਾਸ ਮ੍ਰਿਤਕ ਜਨਮੇ ਬੱਚੇ ਦਾ ਪੋਸਟਮਾਰਟਮ ਕਰਨਗੇ। ਸਿਹਤ ਵਿਭਾਗ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ। ਗਰਭ ਵਿੱਚ ਬੱਚੇ ਦੀ ਮੌਤ ਜਾਂ ਬੱਚੇ ਦੇ ਮ੍ਰਿਤਕ ਪੈਦਾ ਹੋਣ ਨੂੰ ਮੈਡੀਕਲ ਭਾਸ਼ਾ ਵਿੱਚ ‘ਇੰਟਰਾਯੂਟੇਰੀਅਨ ਫੈਟਲ ਡੈਥ' ਕਿਹਾ ਜਾਂਦਾ ਹੈ।

ਡਾਕਟਰ ਦਾਸ ਨੇ ਕਿਹਾ ਕਿ ਸ਼ਿਸ਼ੂ ਦੀ ਅਚਾਨਕ ਗਰਭ ਵਿੱਚ ਮੌਤ ਹੋ ਜਾਵੇ ਜਾਂ ਉਹ ਮ੍ਰਿਤਕ ਪੈਦਾ ਕਿਉਂ ਹੋਇਆ ਹੈ, ਬਹੁਤੇ ਕੇਸਾਂ ਵਿੱਚ ਪਤਾ ਨਹੀਂ ਲੱਗਦਾ। ਮ੍ਰਿਤਕ ਬੱਚੇ ਦੀ ‘ਪੈਥੋਲਾਜੀਕਲ ਆਟੋਪਸੀ' ਨਾਲ ਲੱਭਣ ਸੰਭਵ ਹੋਵੇਗਾ ਕਿ ਮੌਤ ਕਿਉਂ ਹੋਈ ਹੈ। ਕਾਰਨਾਂ ਦਾ ਪਤਾ ਲੱਗ ਜਾਏ ਤਾਂ ਭਵਿੱਖ ਵਿੱਚ ਗਰਭ ਅਵਸਥਾ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕੇਗਾ। ਪੁਰੂਲੀਆ ਮੈਡੀਕਲ ਕਾਲਜ ਦੀ ਇਸਤਰੀ ਅਤੇ ਜਣੇਪਾ ਰੋਗ ਦੀ ਮਾਹਰ ਮੰਦਿਰਾ ਦਾਸ-ਗੁਪਤਾ ਨੇ ਕਿਹਾ ਕਿ ਪੈਥੋਲਾਜੀਕਲ ਆਟੋਪਸੀ ਨਾਲ ਅਗਲੀ ਸੰਤਾਨ ਹੋਣ ਦੌਰਾਨ ਸਾਵਧਾਨੀਆਂ ਵਰਤੀਆਂ ਜਾ ਸਕਣਗੀਆਂ।

ਰੂਪਨਗਰ ਤੋਂ ਨਵਨੀਤ ਸਿੰਘ ਆਪਣੀ ਗਰਭਵਤੀ ਪਤਨੀ ਰੂਪਾ ਬਿਸ਼ਵਾਸ ਨਾਲ ਕੋਲਕਾਤਾ ਆਏ ਹੋਏ ਸਨ ਅਤੇ ਪਤਨੀ ਨੂੰ ਡਿਲੀਵਰੀ ਲਈ ਨਿਊ ਅਲੀਪੁਰ ਦੇ ਨਿੱਜੀ ਹਸਪਤਾਲ ਵਿੱਚ ਭਰਤੀ ਕਰਾਇਆ ਸੀ। ਰੂਪਾ ਨੇ ਸ਼ਨੀਵਾਰ ਇੱਕ ਮਰੇ ਹੋਏ ਬੱਚੇ ਨੂੰ ਜਨਮ ਦਿੱਤਾ। ਜੋੜੇ ਦਾ ਸਵਾਲ ਹੈ ਕਿ ਗਰਭ ਵਿੱਚ ਬੱਚਾ ਤੰਦਰੁਸਤ ਤਾਂ ਮ੍ਰਿਤਕ ਕਿਉਂ ਜਨਮਿਆ? ਇਸ ਦੀ ਜਾਂਚ ਲਈ ਉਨ੍ਹਾਂ ਨੇ ਮ੍ਰਿਤਕ ਬੱਚੇ ਦਾ ਪੋਸਟਮਾਰਟਮ ਕਰਵਾਉਣ ਦਾ ਫੈਸਲਾ ਲਿਆ ਹੈ।

## ਹਰਿਆਣਾ ਪੁਲਸ ਵੱਲੋਂ 35 ਪਿਸਤੌਲ ਤੇ ਛੇ ਹੋਰ ਹਥਿਆਰ ਬਰਾਮਦ, 2 ਗ੍ਰਿਫ਼ਤਾਰ

ਚੰਡੀਗੜ੍ਹ, 11 ਜੁਲਾਈ (ਪੋਸਟ ਬਿਊਰੋ)- ਹਰਿਆਣਾ ਪੁਲਸ ਨੇ ਕੱਲ੍ਹ ਦੱਸਿਆ ਕਿ ਉਨ੍ਹਾਂ ਪਲਵਲ ਜ਼ਿਲ੍ਹੇ ਵਿੱਚ ਕੀਤੀ ਕਾਰਵਾਈ ਦੌਰਾਨ ਗ੍ਰਿਫ਼ਤਾਰ ਕੀਤੇ ਦੋ ਦੋਸ਼ੀਆਂ ਕੋਲੋਂ 35 ਦੇਸੀ ਪਿਸਤੌਲ, ਛੇ ਹੋਰ ਹਥਿਆਰ ਤੇ 11 ਮੈਗਜ਼ੀਨ ਬਰਾਮਦ ਕੀਤੇ ਹਨ। ਪੁਲਸ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਕਿਲੌਰ ਸਿੰਘ ਤੇ ਜਾਮ ਸਿੰਘ ਵਜੋਂ ਦੱਸੀ ਹੈ, ਜੋ ਮੱਧ ਪ੍ਰਦੇਸ਼ ਦੇ ਬਰਵਾਨੀ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਉਨ੍ਹਾ ਨੇ ਮੰਨਿਆ ਹੈ ਕਿ ਉਨ੍ਹਾਂ ਇਹ ਗੈਰ ਕਾਨੂੰਨੀ ਹਥਿਆਰ ਪਲਵਲ, ਨੂਹ ਤੇ ਦਿੱਲੀ ਦੇ ਸਥਾਨਕ ਬਦਮਾਸ਼ਾਂ ਨੂੰ ਸਪਲਾਈ ਕਰਨ ਲਈ ਮੱਧ ਪ੍ਰਦੇਸ਼ ਦੇ ਬਰਵਾਨੀ ਜ਼ਿਲ੍ਹੇ ਤੋਂ ਖਰੀਦੇ ਸਨ, ਪੁਲਸ ਵੱਲੋਂ ਇਨ੍ਹਾਂ ਹਥਿਆਰਾਂ ਦੇ ਖਰੀਦਦਾਰਾਂ ਦਾ ਪਤਾ ਲਗਾਉਣ ਲਈ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਪੁਲਸ ਨੂੰ ਪੱਕੀ ਸੂਹ ਮਿਲੀ ਸੀ ਕਿ ਹਰਿਆਣਾ, ਦਿੱਲੀ, ਰਾਜਸਥਾਨ ਤੇ ਪੰਜਾਬ ਵਿੱਚ ਗੈਰ ਕਾਨੂੰਨੀ ਹਥਿਆਰਾਂ ਦੀ ਸਪਲਾਈ ਕਰਨ ਲਈ ਦੋ ਆਦਮੀ ਪਲਵਲ ਆ ਰਹੇ ਹਨ। ਪੁਲਸ ਨੇ ਦੱਸਿਆ ਕਿ ਨਾਕੇ ਨੂੰ ਵੇਖਦਿਆਂ ਇੱਕ ਟਰੱਕ ਵਿੱਚੋਂ ਬੈਗ ਲੈ ਕੇ ਉਤਰੇ ਦੋ ਲੋਕਾਂ ਨੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਪਰ ਮੁਸਤੈਦ ਪੁਲਸ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ।

## ਗੁੱਸੇ ਤੇ ਚਿੜਚਿੜੇਪਣ ਦੀ ਮੁੱਖ ਵਜ੍ਹਾ ਭੁੱਖ ਵੀ ਹੋ ਸਕਦੀ ਹੈ

ਲੰਡਨ, 11 ਜੁਲਾਈ (ਪੋਸਟ ਬਿਊਰੋ)- ਗੁੱਸੇ ਤੇ ਚਿੜਚਿੜੇਪਣ ਦੇ ਕਈ ਕਾਰਨ ਹੋ ਸਕਦੇ ਹਨ, ਪਰ ਅਗਲੀ ਵਾਰ ਜਦੋਂ ਤੁਹਾਡੇ ਸਾਹਮਣੇ ਅਜਿਹੀ ਸਥਿਤੀ ਹੋਵੇ ਤਾਂ ਆਪਣੀ ਭੁੱਖ ਬਾਰੇ ਸੋਚਣਾ ਬਿਹਤਰ ਰਹੇਗਾ। ਭੁੱਖ ਦੇ ਕਾਰਨ ਚਿੜਚਿੜੇਪਣ ਅਤੇ ਗੁੱਸੇ ਹੋਣ ਦੀ ਗੱਲ ਆਮ ਜੀਵਨ ਵਿੱਚ ਕਾਫੀ ਪ੍ਰਚਲਤ ਹੈ, ਪਰ ਹਾਲੇ ਤਕ ਇਸ ਤੱਥ ਦਾ ਲੈਬਾਰਟਰੀ ਦੇ ਬਾਹਰ ਵਿਗਿਆਨਕ ਟੈਸਟ ਨਹੀਂ ਹੋਇਆ ਸੀ। ਬ੍ਰਿਟੇਨ ਵਿਚਲੇ ਅੰਗਲਿਆ ਰਸਿਕਨ ਯੂਨੀਵਰਸਿਟੀ (ਏ ਆਰ ਯੂ) ਅਤੇ ਆਸਟਰੀਆ ਵਿਚਲੇ ਕਾਰਲ ਲੈਂਡਸਟੀਨਰ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਸਿੱਖਿਆ ਮਾਹਰਾਂ ਦੀ ਅਗਵਾਈ ਵਿੱਚ ਹੋਏ ਤਾਜ਼ਾ ਅਧਿਅਨ ਵਿੱਚ ਪਤਾਲਾਇਆ ਗਿਆ ਕਿ ਭੁੱਖ ਨਾਲ ਜਿੱਥੇ ਗੁੱਸੇ ਤੇ ਚਿੜਚਿੜੇਪਣ ਵਿੱਚ ਵਾਧਾ ਹੁੰਦਾ ਹੈ।




# ਭਾਰਤ ਵਿੱਚ 125 ਸਾਲ ਪੁਰਾਣੇ ਮਹਾਮਾਰੀ ਐਕਟ ਦੀ ਥਾਂ ਨਵਾਂ ਕਾਨੂੰਨ ਬਣੇਗਾ

## * ਕੋਵਿਡ ਦੌਰਾਨ ਪੁਰਾਣਾ ਐਕਟ ਕੰਮ ਦਾ ਨਹੀਂ ਨਿਕਲਿਆ



ਨਵੀਂ ਦਿੱਲੀ, 11 ਜੁਲਾਈ (ਪੋਸਟ ਬਿਊਰੋ)- ਕੋਵਿਡ-19 ਦਾ ਸੇਕ ਝੱਲ ਚੁੱਕਣ ਪਿੱਛੋਂ ਭਾਰਤ ਨੇ ਹੰਗਾਮੀ ਸਥਿਤੀਆਂ ਦੇ ਟਾਕਰੇ ਲਈ ਅੱਗੇ ਵਾਸਤੇ ਤਿਆਰੀ ਖਿੱਚ ਲਈ ਹੈ। ਸਰਕਾਰ ਇਸੇ ਹਫਤੇ ਇੱਕ ਉਚ ਪੱਧਰੀ ਕਮੇਟੀ ਬਣਾਉਣ ਵਾਲੀ ਹੈ, ਜਿਹੜੀ ਐਪੀਡੈਮਿਕ ਡਿਜ਼ੀਜ਼ ਐਕਟ 1897 ਨੂੰ ਖਤਮ ਕਰਨ ਅਤੇ ਇਸ ਦੀ ਥਾਂ ਨਵਾਂ ਸਿਹਤ ਕਾਨੂੰਨ ਲਿਆਉਣ ਦੇ ਲਈ ਵੱਡੇ ਕਦਮ ਚੁੱਕੇਗੀ। ਇਸ ਸੱਤ ਮੈਂਬਰੀ ਕਮੇਟੀ ਦੀ ਅਗਵਾਈ ਤਾਮਿਲ ਨਾਡੂ ਦੇ ਸਾਬਕਾ ਚੀਫ ਸੈਕਟਰੀ ਗਿਰਿਜਾ ਵੈਦਿਆਨਾਥਨ ਕਰਨਗੇ। ਉਹ ਇੱਕ ਮਾਹਰ ਵਜੋਂ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਮੈਂਬਰ ਵੀ ਹਨ ਤੇ ਉਨ੍ਹਾਂ ਨੂੰ ਪਹਿਲੀ ਮੀਟਿੰਗ ਦੇ ਇੱਕ ਮਹੀਨੇ ਅੰਦਰ ਰਿਪੋਰਟ ਦੇਣ ਲਈ ਕਿਹਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਕਮੇਟੀ ਕੌਮੀ ਸਿਹਤ ਐਕਟ ਦੇ ਖਰੜੇ ਨੂੰ ਘੋਖੇਗੀ, ਜਿਹੜਾਬੀਤੇ ਮਹੀਨੇ ਨੀਤੀ ਕਮਿਸ਼ਨ ਨੇ ਸਿਹਤ ਮੰਤਰਾਲੇ ਨੂੰ ਸੌਂਪਿਆ ਸੀ। ਰਾਜ ਸਰਕਾਰਾਂ ਵੱਲੋਂ ਕੀਤੀਆਂ ਟਿੱਪਣੀਆਂ ਇਸ ਨਾਲ ਜੋੜੀਆਂ ਗਈਆਂ ਹਨ। ਇਹ ਕਮੇਟੀ ਹਰ ਰਾਜ ਦੀਆਂ ਟਿੱਪਣੀਆਂ ਅਤੇ ਪੂਰੇ ਜਨਤਕ ਸਿਹਤ ਐਕਟ ਦੀ ਪੜਤਾਲ ਕਰੇਗੀ ਅਤੇ ਇਸ ਤੋਂ ਬਾਅਦ ਨਵੇਂ ਕਾਨੂੰਨ ਨੂੰ ਅੰਤਿਮ ਰੂਪ ਦੇਣ ਲਈ ਸਿਫਾਰਸ਼ਾਂ ਕਰੇਗੀ। ਸਰਕਾਰੀ ਸੂਤਰਾਂ ਮੁਤਾਬਕ ਕਿ ਕਮੇਟੀ ਦਾ ਮੁੱਢਲਾ ਕੰਮ ਮਹਾਮਾਰੀ ਬਾਰੇ 125 ਸਾਲ ਪੁਰਾਣੇ ਕਾਨੂੰਨ ਦੀ ਥਾਂ ਨਵਾਂ ਕਾਨੂੰਨ ਲਿਆਉਣਾ ਹੈ, ਕਿਉਂਕਿ ਕੋਵਿਡ 19 ਮਹਾਮਾਰੀ ਦੌਰਾਨ ਪੁਰਾਣਾ ਕਾਨੂੰਨ ਬਹੁਤਾ ਕਾਰਗਰ ਸਾਬਤ ਨਹੀਂ ਹੋਇਆ। ਸਰਕਾਰੀ ਸੂਤਰਾਂ ਅਨੁਸਾਰ 1897 ਦਾ ਬਣਿਆ ਕਾਨੂੰਨ ਬਿਮਾਰੀ (ਮਹਾਮਾਰੀ) ਪੈਦਾ ਹੋਣ ਦੀ ਸੂਰਤ ਵਿੱਚ ਨਿਗਰਾਨੀ ਤੇ ਜਵਾਬੀ ਕਾਰਵਾਈ ਦੇ ਪੱਖੋਂ ਅਸਰਦਾਰ ਨਹੀਂ ਹੈ। ਇਸ ਮਾਮਲੇ ਵਿੱਚ ਕੌਮਾਂਤਰੀ ਸਿਹਤ ਰੈਗੂਲੇਸ਼ਨ ਦਾ ਹਵਾਲਾ ਵੀ ਦਿੱਤਾ ਗਿਆ ਹੈ। ਬਣਨ ਵਾਲਾ ਨਵਾਂ ਜਨਤਕ ਸਿਹਤ ਐਕਟ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਅਤੇ ਧਾਰਾ 253 ਹੇਠ ਲਾਗੂ ਹੋਵੇਗਾ। ਬਿੱਲ ਦੇ ਖਰੜੇ ਵਿੱਚ ਸਿਹਤ ਪ੍ਰਸ਼ਾਸਨ ਨੂੰ ਕੌਮੀ, ਸੂਬਾਈ, ਜ਼ਿਲ੍ਹਾ ਅਤੇ ਬਲਾਕ ਪੱਧਰ ਉੱਤੇ ਸਪੱਸ਼ਟ ਵਿਆਖਿਆ ਨਾਲ ਹੋਰ ਤਾਕਤਾਂ ਦਿੱਤੀਆਂ ਜਾਣਗੀਆਂ। ਨਵੇਂ ਕਾਨੂੰਨ ਵਿੱਚ ਲੈਬਾਰਟਰੀਆਂ ਤੇ ਕੇਂਦਰੀ ਅਤੇ ਸੂਬਾ ਪੱਧਰ ਦੇ ਹੈਲਥ ਕੇਡਰ ਕਾਇਮ ਕਰਨ ਦੀ ਵੀ ਤਜਵੀਜ਼ ਹੈ। ਕਮੇਟੀ ਦੇ ਹੋਰ ਮੈਂਬਰਾਂ ਵਿੱਚ ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ ਦੇ ਵਾਈਸ ਚਾਂਸਲਰ ਕ੍ਰਿਸ਼ਨ ਦੇਵਾ ਰਾਓ, ‘ਜਨ ਸਵਾਸਥ ਸਹਿਯੋਗ' ਦੇ ਸੈਕਟਰੀ ਰਮਨ ਕਟਾਰੀਆ, ਨੀਤੀ ਕਮਿਸ਼ਨ ਦੇ ਇੱਕ ਸਲਾਹਕਾਰ ਮਦਨ ਗੋਪਾਲ ਅਤੇ ਪੀ ਜੀ ਆਈ ਚੰਡੀਗੜ੍ਹ ਦੇ ਕਮਿਊਨਿਟੀ ਮੈਡੀਸਨ ਵਿਭਾਗ ਦੇ ਸਾਬਕਾ ਮੁਖੀ ਰਾਜੇਸ਼ ਕੁਮਾਰ ਸ਼ਾਮਲ ਹਨ।

## ਘਟਦੀ ਆਬਾਦੀ ਤੋਂ ਦੁਖੀ ਚੀਨ ਵਿੱਚ ਵੱਧ ਬੱਚੇ ਪੈਦਾ ਕਰਨ ਵਾਲੀਆਂ ਔਰਤਾਂ ਨੂੰ ਤੋਹਫ਼ੇ ਮਿਲਣਗੇ



ਬੀਜਿੰਗ, 11 ਜੁਲਾਈ (ਪੋਸਟ ਬਿਊਰੋ)- ਆਪਣੇ ਦੇਸ਼ ਦੀ ਘਟਦੀ ਆਬਾਦੀ ਕਾਰਨ ਚੀਨ ਪਰੇਸ਼ਾਨ ਹੈ। ਦੇਸ਼ ਦੀ ਲੇਬਰ ਪਾਵਰ ਨੂੰ ਮਜ਼ਬੂਤ ਕਰਨ ਲਈ ਚੀਨ ਆਪਣੀ ਆਬਾਦੀ ਵਧਾਉਣਾ ਚਾਹੁੰਦਾ ਹੈ ਅਤੇ ਸ਼ੀ ਜਿਨਪਿੰਗ ਸਰਕਾਰ ਨੇ ਜ਼ਿਆਦਾ ਬੱਚੇ ਪੈਦਾ ਕਰਨ ਵਾਲੀਆਂ ਔਰਤਾਂ ਲਈ ਤੋਹਫਿਆਂ ਦਾ ਐਲਾਨ ਕੀਤਾ ਹੈ। ਇਨ੍ਹਾਂ ਤੋਹਫ਼ਿਆਂ ਵਿੱਚ ਵੱਧ ਬੱਚੇ ਪੈਦਾ ਕਰਨ ਵਾਲੀਆਂ ਔਰਤਾਂ ਨੂੰ ਟੈਕਸ ਵਿੱਚ ਛੋਟ, ਹਾਊਸਿੰਗ ਕ੍ਰੈਡਿਟ, ਵਿਦਿਅਕ ਲਾਭ ਦੇ ਨਾਲ-ਨਾਲ ਹੋਰ ਸਾਰੀਆਂ ਸਹੂਲਤਾਂ ਦਾ ਲਾਭ ਦੇਣ ਦਾ ਲਾਲਚ ਦਿੱਤਾ ਜਾ ਰਿਹਾ ਹੈ।

ਗਲੋਬਲ ਟਾਈਮਜ਼ ਮੁਤਾਬਕ ਪਿਛਲੇ ਸਾਲ ਦੇ ਅੰਤ ਤਕ ਚੀਨ ਦੀ ਆਬਾਦੀ 141.3 ਕਰੋੜ ਸੀ ਅਤੇ ਨਵਜੰਮੇ ਬੱਚਿਆਂ ਦੀ ਆਬਾਦੀ 1.62 ਕਰੋੜ ਸੀ, ਜੋ ਮਰਨ ਵਾਲਿਆਂ ਦੀ ਗਿਣਤੀ ਦੇ ਬਰਾਬਰ ਸੀ। ਗਲੋਬਲ ਟਾਈਮਜ਼ ਮੁਤਾਬਕ ਚੀਨੀ ਅਧਿਕਾਰੀ ਔਰਤਾਂ ਨੂੰ ਇੱਕ ਤੋਂ ਵੱਧ ਬੱਚੇ ਪੈਦਾ ਕਰਨ ਲਈ ਟੈਕਸ ਵਿੱਚ ਛੋਟ, ਹਾਊਸਿੰਗ ਕ੍ਰੈਡਿਟ, ਵਿਦਅਕ ਲਾਭ ਅਤੇ ਹੋਰ ਕਈ ਲਾਭ ਦੇ ਰਹੇ ਹਨ। ਦੂਜੇ ਪਾਸੇ ਇਹ ਲਾਭ ਸਿਰਫ਼ ਵਿਆਹੇ ਲੋਕਾਂ ਲਈ ਹੈ। ਇਸ ਦੇ ਨਾਲ ਹੀ ਚੀਨ ਇਹ ਵੀ ਤੈਅ ਕਰ ਰਿਹਾ ਹੈ ਕਿ ਕੌਣ ਬੱਚੇ ਪੈਦਾ ਕਰ ਸਕਦਾ ਹੈ ਅਤੇ ਕੌਣ ਨਹੀਂ। ਪਰਵਾਰ ਨਿਯੋਜਨ ਦੇ ਬਹਾਨੇ ਚੀਨ ਇਕੱਲੀਆਂ ਔਰਤਾਂ ਅਤੇ ਘੱਟ ਗਿਣਤੀਆਂ ਉੱਤੇ ਸਖ਼ਤੀ ਵਰਤ ਰਿਹਾ ਹੈ।

# ਦੋ ਸਾਲਾ ਮਾਸੂਮ ਦੀ ਲਾਸ਼ ਲਿਜਾਣ ਲਈ ਸਿਹਤ ਵਿਭਾਗ ਨੇ ਐਂਬੂਲੈਂਸ ਨਹੀਂ ਦਿਤੀ

ਮੁਰੈਨਾ, 11 ਜੁਲਾਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਮੁਰੈਨਾ ਜ਼ਿਲ੍ਹਾ ਹਸਪਤਾਲ ਵਿੱਚ ਦੋ ਸਾਲਾ ਬੱਚੇ ਦੀ ਬੀਮਾਰੀ ਨਾਲ ਮੌਤ ਹੋ ਜਾਣ ਤੋਂ ਬਾਅਦ ਐਂਬੂਲੈਂਸ ਦੀ ਉਡੀਕ ਵਿੱਚ ਮ੍ਰਿਤਕ ਦਾ ਅੱਠ ਸਾਲਾ ਭਰਾ ਲਾਸ਼ ਗੋਦ ਵਿੱਚ ਰੱਖ ਕੇ ਸੜਕ ਕਿਨਾਰੇ ਬੈਠਾ ਰਿਹਾ। ਇਹ ਦ੍ਰਿਸ਼ ਜਿਸ ਨੇ ਦੇਖਿਆ, ਉਸ ਦੀਆਂ ਅੱਖਾਂ ਨਮ ਹੋ ਗਈਆਂ।

ਪਿੰਡ ਬੜਫਰਾ ਵਾਸੀ ਪੂਜਰਾਮ ਜਾਟਵ ਦੇ ਦੋ ਸਾਲਾ ਪੁੱਤਰ ਰਾਜਾ ਨੂੰ ਐਨੀਮੀਆ ਤੇ ਢਿੱਡ ਵਿੱਚ ਪਾਣੀ ਭਰ ਜਾਣ ਦੀ ਸ਼ਿਕਾਇਤ ਸੀ। ਕੱਲ੍ਹ ਪਰਵਾਰ ਨੇ ਰਾਜਾ ਨੂੰ ਅੰਬਾਹ ਦੇ ਹਸਪਤਾਲਇਲਾਜ ਲਈ ਦਾਖਲ ਕਰਾਇਆ ਪਰ ਡਾਕਟਰਾਂ ਨੇ ਉਸਨੂੰ ਉਚਿਤ ਇਲਾਜ ਲਈ ਮੁਰੈਨਾ ਦੇ ਜ਼ਿਲ੍ਹਾ ਹਸਪਤਾਲ ਭੇਜ ਦਿੱਤਾ, ਜਿੱਥੇ ਕੱਲ੍ਹ ਉਸਦੀ ਮੌਤ ਹੋ ਗਈ।ਮ੍ਰਿਤਕ ਦੇ ਪਿਤਾ ਨੇ ਸਿਹਤ ਵਿਭਾਗ ਨੂੰ ਗੁਹਾਰ ਲਾਈ ਕਿ ਉਸ ਦੇ ਪੁੱਤਰ ਦੀ ਲਾਸ਼ ਪਿੰਡ ਤਕ ਲਿਜਾਣ ਦਾ ਪ੍ਰਬੰਧ ਕਰਵਾ ਦਿਉ ਪਰ ਉਸ ਨੂੰ ਕੋਈ ਮਦਦ ਨਹੀਂ ਮਿਲੀ। ਮ੍ਰਿਤਕ ਦਾ ਪਿਤਾ ਦੋ ਸਾਲਾ ਪੁੱਤਰ ਦੀ ਲਾਸ਼ ਆਪਣੇ ਅੱਠ ਸਾਲਾ ਪੁੱਤਰ ਗੁਲਸ਼ਨ ਦੀ ਗੋਦ ਵਿੱਚ ਰੱਖ ਕੇ ਸੜਕ ਕਿਨਾਰੇ ਬਿਠਾ ਕੇ ਲਾਸ਼ ਲਿਜਾਣ ਲਈ ਸਸਤੇ ਵਾਹਨ ਦੀ ਤਲਾਸ਼ ਵਿੱਚ ਗਿਆ। ਸੜਕ ਕਿਨਾਰੇ ਗੋਦ ਵਿੱਚ ਰੱਖੀ ਛੋਟੇ ਭਰਾ ਦੀ ਲਾਸ਼ ਨੂੰ ਕਦੇ ਉਹ ਪਿਆਰ ਕਰਦਾ ਤਾਂ ਕਦੇ ਪਿਤਾ ਦੇ ਆਉਣ ਦਾ ਰਾਹ ਦੇਖਦਾ। ਕਰੀਬ ਦੋ ਘੰਟਿਆਂ ਤੋਂ ਬਾਅਦ ਮੀਡੀਆ ਜਦੋਂ ਮੌਕੇ ਉੱਤੇ ਪਹੁੰਚਿਆ, ਉਦੋਂ ਸਿਹਤ ਵਿਭਾਗ ਨੇ ਜਲਦੀ ਵਿੱਚ ਐਂਬਲੈਂਸ ਦੀ ਵਿਵਸਥਾ ਕਰਕੇ ਮਾਸੂਮ ਦੀ ਲਾਸ਼ ਨੂੰ ਪਿੰਡ ਤਕ ਭਿਜਵਾਇਆ।

## ਨੇਪਾਲ ਨੇ ਪਹਿਲੀ ਵਾਰ ਭਾਰਤ ਨੂੰ ਸੀਮੈਂਟ ਦੀ ਸਪਲਾਈ ਸ਼ੁਰੂ ਕੀਤੀ



ਕਾਠਮੰਡੂ, 11 ਜੁਲਾਈ (ਪੋਸਟ ਬਿਊਰੋ)- ਨੇਪਾਲ ਨੇ ਪਹਿਲੀ ਵਾਰ ਭਾਰਤ ਨੂੰ ਸੀਮੈਂਟ ਦੀ ਐਕਸਪੋਰਟ ਸ਼ੁਰੂ ਕੀਤੀ ਹੈ ਤੇ 3000 ਬੋਰੀਆਂ ਦੀ ਪਹਿਲੀ ਖੇਪ ਉਤਰ ਪ੍ਰਦੇਸ਼ ਨਾਲ ਲਗਦੀ ਚੈਕ ਪੋਸਟ ਰਾਹੀਂ ਭਾਰਤ ਵਿੱਚ ਆਈ ਹੈ।

ਪਤਾ ਲੱਗਾ ਹੈ ਕਿ ਨੇਪਾਲ ਦੇ ਨਵਲਪਰਾਸੀ ਜ਼ਿਲ੍ਹੇ ਵਿੱਚ ਪਲਪਾ ਸੀਮੈਂਟ ਇੰਡਸਟ੍ਰੀਜ਼ ਨੇ ਇਤਿਹਾਸ ਵਿੱਚ ਪਹਿਲੀ ਵਾਰ ਸੁਨੌਲੀ ਸਰਹੱਦ ਤੋਂ ਸੀਮੈਂਟ ਦੀ ਪਹਿਲੀ ਖੇਪ ਭਾਰਤ ਭੇਜੀ ਹੈ।ਸਰਕਾਰ ਵੱਲੋਂ ਬਜਟ ਵਿੱਚ ਸੀਮੈਂਟ ਐਕਸਪੋਰਟ ਲਈ ਅੱਠ ਫ਼ੀਸਦੀ ਸਬਸਿਡੀ ਮਿਲਣ ਪਿੱਛੋਂ ਨੇਪਾਲੀ ਉਦਯੋਗਪਤੀ ਭਾਰਤ ਨੂੰ ਸੀਮੈਂਟ ਸਪਲਾਈ ਬਾਰੇ ਉਤਸ਼ਾਹਤ ਹਨ। ਪਲਪਾ ਇੰਡਸਟ੍ਰੀਜ਼ ਦੇ ਲੋਕ ਸੰਪਰਕ ਮੈਨੇਜਰ ਜੀਵਨ ਨਿਰੌਲਾ ਮੁਤਾਬਕ ਨਵਲਪਰਾਸੀ ਪਲਾਂਟ ਵਿੱਚ ਰੋਜ਼ 1800 ਟਨ ਕਿਲੰਕਰ ਅਤੇ 3000 ਟਨ ਸੀਮੈਂਟ ਬਣਾਉਣ ਦੀ ਸਮਰਥਾ ਹੈ। ਪਲਪਾ ਸੀਮੈਂਟ ਇੰਡਸਟ੍ਰੀਜ਼ ਲਿਮਟਿਡ ਦੇ ਬੈਨਰ ਹੇਠਾਂ ਤਾਨਸੇਨ ਬ੍ਰਾਂਡ ਸੀਮੈਂਟ ਦਾ ਉਤਪਾਦਨ ਕਰਨ ਵਾਲੀ ਪਲਪਾ ਨੇ ਗੁਣਵੱਤਾ ਮਾਪਦੰਡਾਂ ਦੀ ਜਾਂਚ ਸਮੇਤ ਸਾਰੀਆਂ ਸਰਕਾਰੀ ਪ੍ਰਕਿਰਿਆਵਾਂ ਨੂੰ ਪੂਰਾ ਕਰਨ ਤੋਂ ਬਾਅਦ ਭਾਰਤ ਨੂੰ ਸੀਮੈਂਟ ਦੀ ਐਕਸਪੋਰਟ ਸ਼ੁਰੂ ਕੀਤੀ ਹੈ।

ਤਾਜ਼ਾ ਘਟਨਾਕ੍ਰਮ ਨੇ ਨੇਪਾਲ ਵਿੱਚ ਕੰਮ ਕਰਦੀਆਂ ਪੰਜ ਹੋਰ ਸੀਮੈਂਟ ਕੰਪਨੀਆਂ ਨੂੰ ਆਪਣੇ ਉਤਪਾਦਾਂ ਨੂੰ ਭਾਰਤ ਵਿੱਚਭੇਜਣ ਲਈ ਉਤਸਾਹਤ ਕੀਤਾ ਹੈ। ਨੇਪਾਲ ਸੀਮੈਂਟ ਪ੍ਰੋਡਿਊਸਰਸ ਐਸੋਸੀਏਸ਼ਨ ਦੇ ਮੁਤਾਬਕ ਇਸ ਹਿਮਾਲਿਆਈ ਦੇਸ਼ ਵਿੱਚ 150 ਅਰਬ ਨੇਪਾਲੀ ਮੁਦਰਾ ਦੇ ਸੀਮੈਂਟ ਐਕਸਪੋਰਟ ਦੀ ਸਮਰਥਾ ਹੈ।


ID MEDIA
GOLD CREW ENTERTAINMENT PROUDLY
PRESENTS
GOLDCREW
BLUE ROSE
REALTY INC. BROKERAGE
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN
TORONTO
HOSTED BY MANPREET TOOR
GOLD SPONSORS
JMD EXPRESS
416 722 2385
GOLDY SANDHU 647 802 9345
100 ACRES
JUST-RITE
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
cross merge
BVD Group
GULFLINE GROUP LTD
Infinity HVAC Ltd.
mpi print & packaging
WAVE FREIGHT SYSTEMS LTD.
CIC
Ameri-Can SYSTEMS
BRONZE SPONSORS
NEW GEN
Insurance Bazaar
VISIONCRAFTERS
JASS CONSTRUCTION INC
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED TRUCK SALES
Charger Truck Sales
Best Bargain
DALJIT SINGH | KULDEEP JOSAN | DALJEET VIRK | RAMAN THIND | BRINDERPAL THIND




# ਬਾਂਦਾ ਜੇਲ੍ਹ ਤੋਂ ਸ਼ਿਫਟ ਹੋਣ ਲਈ ਅੰਸਾਰੀ ਨੇ ਪੰਜਾਬ ਦੇ ਬਿਲਡਰ ਤੋਂ 10 ਕਰੋੜ ਦੀ ਰੰਗਦਾਰੀ ਮੰਗੀ ਸੀ

ਲਖਨਊ, 11 ਜੁਲਾਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਬਾਂਦਾ ਜੇਲ੍ਹ ਵਿੱਚ ਬੰਦ ਸਾਬਕਾ ਵਿਧਾਇਕ ਅਤੇ ਪੂਰਵਾਂਚਲ ਦੇ ਮਾਫੀਆ ਮੁਖਤਾਰ ਅੰਸਾਰੀ ਦੇ ਕੇਸ ਵਿੱਚ ਪੁਲਸ ਨੇ ਵੱਡਾ ਖੁਲਾਸਾ ਕੀਤਾ ਹੈ।



ਬਾਂਦਾ ਜੇਲ੍ਹ ਤੋਂ ਰੋਪੜ ਜੇਲ੍ਹ ਭੇਜਣ ਦੇ ਲਈ ਮਾਫੀਆ ਨੇ ਪੰਜਾਬ ਦੇ ਬਿਲਡਰ ਤੋਂ ਰੰਗਦਾਰੀ ਮੰਗੀ ਸੀ। ਉਸ ਨੇ ਜਿਹੜਾ ਸਿਮ ਵਰਤਿਆ ਸੀ, ਉਸ ਨੂੰਸਿਰਫ 500 ਰੁਪਏ ਦਾ ਲਿਆ ਸੀ। ਮੁਖਤਾਰ ਅੰਸਾਰੀ ਨੇ ਇਸੇ ਸਿਮ ਕਾਰਡ ਤੋਂ ਕਾਲ ਕਰਕੇ ਪੰਜਾਬ ਦੇ ਬਿਲਡਰ ਤੋਂ 10 ਕਰੋੜ ਰੁਪਏ ਦੀ ਰੰਗਦਾਰੀ ਮੰਗੀ ਸੀ ਅਤੇ ਰੰਗਦਾਰੀ ਦੇ ਇਸੇ ਮਾਮਲੇ ਵਿੱਚ ਮੁਖਤਾਰ ਦੇ ਖ਼ਿਲਾਫ਼ ਪੰਜਾਬ ਵਿੱਚ ਕੇਸ ਦਰਜ ਕਰ ਕੇ ਚੁੱਪ-ਚਾਪ ਉਸ ਨੂੰ ਯੂ ਪੀ ਦੀ ਬਾਂਦਾ ਜੇਲ੍ਹ ਤੋਂ ਪੰਜਾਬ ਦੀ ਰੋਪੜ ਜੇਲ੍ਹ ਵਿੱਚ ਟ੍ਰਾਂਸਫਰ ਕਰ ਦਿੱਤਾ ਗਿਆ ਸੀ। ਮੁਖਤਾਰ ਨੂੰ ਯੂ ਪੀ ਤੋਂ ਪੰਜਾਬ ਟ੍ਰਾਂਸਫਰ ਕਰਨ ਦੀ ਸਾਜ਼ਿਸ਼ ਦੀ ਸਿਕ੍ਰਪਟ ਪ੍ਰਯਾਗਰਾਜ ਵਿੱਚ ਲਿਖੀ ਗਈ ਸੀ।ਦੱਸਿਆ ਜਾਂਦਾ ਹੈ ਕਿ ਯੋਗੀ ਆਦਿੱਤਿਆਨਾਥ ਸਰਕਾਰ ਦੀ ਸਖਤੀ ਦੇ ਬਾਅਦ ਬਾਂਦਾ ਜੇਲ੍ਹ ਤੋਂ ਪੰਜਾਬ ਦੀ ਰੋਪੜ ਜੇਲ੍ਹ ਵਿੱਚ ਜਾਣ ਦੀ ਸਾਜ਼ਿਸ਼ ਰਚੀ ਗਈ ਸੀ। ਉਤਰ ਪ੍ਰਦੇਸ਼ ਸਰਕਾਰ ਨੇ ਪੰਜਾਬ ਦੀ ਨਵੀ ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਗਹਿਰਾਈ ਨਾਲ ਛਾਣਬੀਣ ਦੀ ਅਪੀਲ ਕੀਤੀ ਹੈ।

